Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

Vol : 4 : # ਅੰਕ 44 | 19/06/2025 | www.samajweekly.com | samajweekly | @samajweekly | samajweekly

# ਗੋਡੇ ਨਹੀਂ ਟੇਕਾਂਗੇ...ਇਰਾਨ ਦੇ ਸਿਖਰਲੇ ਆਗੂ ਅਯਾਤੁੱਲਾ ਅਲੀ ਖਮੇਨੀ ਵੱਲੋਂ ਚੇਤਾਵਨੀ

## ਅਮਰੀਕਾ ਨੂੰ ਫੌਜੀ ਕਾਰਵਾਈ ’ਚ ਇਜ਼ਰਾਈਲ ਦਾ ਸਾਥ ਦੇਣ ’ਤੇ ਸਖ਼ਤ ਕਾਰਵਾਈ ਦੀ ਧਮਕੀ

**ਦੁਬਈ/ਯੇਰੂਸ਼ਲਮ**

ਇਰਾਨ ਦੇ ਸਿਖਰਲੇ ਆਗੂ ਅਯਾਤੁੱਲਾ ਅਲੀ ਖਮੇਨੀ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਬਿਨਾਂ ਸ਼ਰਤ ਹਥਿਆਰ ਸੁੱਟਣ ਦੇ ਸੱਦੇ ਨੂੰ ਸਵੀਕਾਰ ਨਹੀਂ ਕਰੇਗਾ। ਇਜ਼ਰਾਈਲ ਵੱਲੋਂ ਇਰਾਨ ’ਤੇ ਕੀਤੀ ਬੰਬਾਰੀ ਮਗਰੋਂ ਸਰਕਾਰੀ ਮੀਡੀਆ ਨੂੰ ਆਪਣੇ ਸੰਬੋਧਨ ਵਿਚ ਖਮੇਨੀ ਨੇ ਕਿਹਾ ਕਿ ਇਸਲਾਮੀ ਗਣਰਾਜ ’ਤੇ ਸ਼ਾਂਤੀ ਜਾਂ ਜੰਗ ਥੋਪੀ ਨਹੀਂ ਜਾ ਸਕਦੀ। ਖਮੇਨੀ ਨੇ ਕਿਹਾ, ‘‘ਜਿਹੜੇ ਸਮਝਦਾਰ ਲੋਕ ਇਰਾਨ ਅਤੇ ਇਸ ਦੇ ਇਤਿਹਾਸ ਤੋਂ ਜਾਣੂ ਹਨ, ਉਹ ਇਸ ਨੂੰ ਕਦੇ ਵੀ ਡਰਾਉਣ ਧਮਕਾਉਣ ਵਾਲੀ ਭਾਸ਼ਾ ਵਿੱਚ ਗੱਲ ਕਰਨ ਨਹੀਂ ਕਰਨਗੇ ਕਿਉਂਕਿ ਇਰਾਨ ਕਦੇ ਵੀ ਗੋਡੇ ਨਹੀਂ ਟੇਕੇਗਾ। ਅਮਰੀਕੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਜ਼ਰਾਈਲ-ਇਰਾਨ ਜੰਗ ਵਿਚ ਅਮਰੀਕੀ ਫੌਜ ਦੇ ਦਖ਼ਲ ਨਾਲ ਉਸ ਨੂੰ ਬਿਨਾਂ ਸ਼ੱਕ ਨਾ ਪੂਰਾ ਹੋਣ ਵਾਲਾ ਘਾਟਾ ਪਏਗਾ।’’ ਜਿਨੇਵਾ ਵਿੱਚ ਸੰਯੁਕਤ ਰਾਸ਼ਟਰ ਵਿੱਚ ਇਰਾਨੀ ਰਾਜਦੂਤ ਅਲੀ ਬਹਿਰੀਨੀ ਨੇ ਕਿਹਾ ਹੈ ਕਿ ਇਰਾਨ ਵੱਲੋਂ ਵਾਸ਼ਿੰਗਟਨ ਨੂੰ ਇਹ ਸੰਦੇਸ਼ ਦਿੱਤਾ ਗਿਆ ਹੈ ਕਿ ਜੇਕਰ ਉਹ ਇਜ਼ਰਾਈਲ ਦੀ ਫੌਜੀ ਮੁਹਿੰਮ ਵਿੱਚ ਸਿੱਧੇ ਤੌਰ ’ਤੇ ਸ਼ਾਮਲ ਹੁੰਦਾ ਹੈ ਤਾਂ ਇਸ ਵੱਲੋਂ ਅਮਰੀਕਾ ਨੂੰ ਸਖ਼ਤ ਜਵਾਬ ਦਿੱਤਾ ਜਾਵੇਗਾ। ਅਲੀ ਬਹਿਰੀਨੀ ਨੇ ਦੱਸਿਆ ਕਿ ਜੋ ਵੀ ਇਜ਼ਰਾਈਲ ਕਰ ਰਿਹਾ ਹੈ, ਉਸ ਵਿੱਚ ਉਹ ਅਮਰੀਕਾ ਨੂੰ ਵੀ ਸ਼ਾਮਲ ਮੰਨਦੇ ਹਨ। ਇਰਾਨ ਇੱਕ ਹੱਦ ਤੈਅ ਕਰੇਗਾ ਅਤੇ ਜੇਕਰ ਅਮਰੀਕਾ ਇਸ ਨੂੰ ਪਾਰ ਕਰਦਾ ਹੈ ਤਾਂ ਇਸ ਦਾ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਪ੍ਰਤੀਕਿਰਿਆ ਦਾ ਕਾਰਨ ਦੱਸੇ ਬਿਨਾਂ ਇਜ਼ਰਾਈਲ ਨੇ ਇਹ ਕਹਿ ਕੇ ਹਵਾਈ ਹਮਲੇ ਸ਼ੁਰੂ ਕਰ ਦਿੱਤੇ ਕਿ ਇਰਾਨ ਪ੍ਰਮਾਣੂ ਹਥਿਆਰ ਵਿਕਸਤ ਕਰਨ ਦੀ ਕਗਾਰ ’ਤੇ ਹੈ। ਬਹਿਰੀਨੀ ਨੇ ਡੋਨਲਡ ਟਰੰਪ ਦੀਆਂ ਗੋਡੇ ਟੇਕਣ ਵਾਲੀਆਂ ਟਿੱਪਣੀਆਂ ਨੂੰ ਪੂਰੀ ਤਰਾਂ ਗੈਰ-ਵਾਜਬ ਦੱਸਿਆ ਹੈ।



# ਲੁਧਿਆਣਾ ਪੱਛਮੀ ਜ਼ਿਮਨੀ ਚੋਣ ਲਈ ਵੋਟਾਂ ਅੱਜ

**ਚੰਡੀਗੜ੍ਹ।** ਲੁਧਿਆਣਾ ਪੱਛਮੀ ਹਲਕੇ ਦੀ ਜ਼ਿਮਨੀ ਚੋਣ ਲਈ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਵੀਰਵਾਰ ਨੂੰ ਸਵੇਰ 7 ਤੋਂ ਸ਼ਾਮ 6 ਵਜੇ ਤੱਕ ਵੋਟਾਂ ਪੈਣਗੀਆਂ ਅਤੇ 1.74 ਲੱਖ ਵੋਟਰ ਆਪਣੇ ਸੰਵਿਧਾਨਕ ਹੱਕ ਦੀ ਵਰਤੋਂ ਕਰਨਗੇ। ਪੋਲਿੰਗ ਸਟਾਫ਼ ਦੇ 776 ਮੁਲਾਜ਼ਮਾਂ ’ਤੇ ਅਧਾਰਿਤ 194 ਪਾਰਟੀਆਂ ਅੱਜ ਪੋਲਿੰਗ ਸਟੇਸ਼ਨਾਂ ’ਤੇ ਪੁੱਜ ਗਈਆਂ ਹਨ। ਜ਼ਿਮਨੀ ਚੋਣ ਲਈ ਭਖੇ ਹੋਏ ਮਾਹੌਲ ਦੇ ਮੱਦੇਨਜ਼ਰ ਕੇਂਦਰੀ ਬਲਾਂ ਦੀਆਂ ਪੰਜ ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ। ਹਲਕੇ ਵਿੱਚ 1404 ਪੁਲੀਸ ਮੁਲਾਜ਼ਮ ਲਗਾਏ ਗਏ ਹਨ। ਜ਼ਿਮਨੀ ਚੋਣ ਨੂੰ ਦੇਖਦਿਆਂ 60 ਪੁਲੀਸ ਨਾਕੇ ਲਾਏ ਗਏ ਹਨ ਅਤੇ 19 ਗਸ਼ਤੀ ਪਾਰਟੀਆਂ ਤਾਇਨਾਤ ਕੀਤੀਆਂ ਗਈਆਂ ਹਨ। ਚੋਣ ਮੈਦਾਨ ਵਿੱਚ ਇੱਕ ਮਹਿਲਾ ਸਮੇਤ 14 ਉਮੀਦਵਾਰ ਹਨ। ਵੋਟਾਂ ਪੈਣ ਤੋਂ ਪਹਿਲਾਂ ਹੀ ਹਲਕੇ ਵਿੱਚ ਮਾਹੌਲ ਤਣਾਅਪੂਰਨ ਹੋ ਗਿਆ ਹੈ। ਜਵਾਹਰ ਨਗਰ ਇਲਾਕੇ ਵਿੱਚ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਅਤੇ ਪੁਲੀਸ ਦਰਮਿਆਨ ਆਪਸੀ ਖਿੱਚੋਤਾਣ ਹੋਈ ਹੈ। ਆਸ਼ੂ ਨੇ ਕਿਹਾ ਕਿ ਉਨ੍ਹਾਂ ਦੇ ਵਰਕਰਾਂ ਨੇ ਰਾਸ਼ਨ ਵੰਡ ਰਹੇ ਇਕ ਵਿਅਕਤੀ ਨੂੰ ਫੜਿਆ ਹੈ ਅਤੇ ਪੁਲੀਸ ਨੇ ‘ਆਪ’ ਸਰਕਾਰ ਦੇ ਇਸ਼ਾਰੇ ’ਤੇ ਧੱਕੇਸ਼ਾਹੀ ਸ਼ੁਰੂ ਕਰ ਦਿੱਤੀ ਹੈ। ਕਾਂਗਰਸੀ ਉਮੀਦਵਾਰ ਨੇ ਜ਼ਿਲ੍ਹਾ ਚੋਣ ਅਫ਼ਸਰ ਨੂੰ ਹਾਕਮ ਧਿਰ ਵੱਲੋਂ ਰਾਸ਼ਨ ਦੇ ਵੰਡ-ਵੰਡਾਰੇ ਦੀ ਸ਼ਿਕਾਇਤ ਭੇਜੀ ਹੈ। ਜ਼ਿਲ੍ਹਾ ਚੋਣ ਅਫ਼ਸਰ ਹਿਮਾਂਸ਼ੂ ਜੈਨ ਨੇ ਕਿਹਾ ਕਿ ਉਨ੍ਹਾਂ ਸਬੰਧਤ



ਰਿਟਰਨਿੰਗ ਅਫ਼ਸਰ ਤੋਂ ਰਿਪੋਰਟ ਤਲਬ ਕੀਤੀ ਹੈ। ਜ਼ਿਮਨੀ ਚੋਣ ’ਚ ਲੜ ਰਹੇ ‘ਆਪ’ ਉਮੀਦਵਾਰ ਸੰਜੀਵ ਅਰੋੜਾ ਦੀ ਇਹ ਪਹਿਲੀ ਵਿਧਾਨ ਸਭਾ ਚੋਣ ਹੈ ਜਦੋਂ ਕਿ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਦੋ ਵਾਰ ਪਹਿਲਾਂ ਵੀ ਚੋਣ ਜਿੱਤੇ ਚੁੱਕੇ ਹਨ। ‘ਆਪ’ ਲਈ ਇਹ ਚੋਣ ਕਿਸੇ ਅਗਨੀ ਪ੍ਰੀਖਿਆ ਤੋਂ ਘੱਟ ਨਹੀਂ ਹੈ ਕਿਉਂਕਿ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਪਾਰਟੀ ਦੀ ਕੌਮੀ ਲੀਡਰਸ਼ਿਪ ਨੇ ਪੂਰਾ ਤਾਣ ਲਾਇਆ ਹੋਇਆ ਹੈ। ਦੂਸਰੇ ਪਾਸੇ ਪੰਜਾਬ ਕਾਂਗਰਸ ਦੀ ਆਪਸੀ ਧੜੇਬੰਦੀ ਵਿਚਾਲੇ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਲਈ ਰਾਹ ਸੁਖਾਲਾ ਨਹੀਂ ਹੈ। ਇਸ ਜ਼ਿਮਨੀ ਚੋਣ ਦੇ ਨਤੀਜੇ ਦਾ ਸਿੱਧਾ ਅਸਰ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ’ਤੇ ਪੈਣਾ ਹੈ ਜਿਸ ਕਰਕੇ ਕੋਈ ਵੀ ਸਿਆਸੀ ਧਿਰ ਕਸਰ ਬਾਕੀ ਨਹੀਂ ਛੱਡ ਰਹੀ ਹੈ। ਲੁਧਿਆਣਾ ਪੱਛਮੀ ਨਿਰੋਲ ਸ਼ਹਿਰੀ ਸੀਟ ਹੈ ਅਤੇ ਤਾਪਮਾਨ ਘਟਣ ਕਰਕੇ ਭਲਕੇ ਪੋਲਿੰਗ ਦਰ ਠੀਕ ਰਹਿਣ ਦੀ ਸੰਭਾਵਨਾ ਹੈ। ਪਹਿਲਾਂ ਵੀ ਕਦੇ ਇਸ ਹਲਕੇ ਦੀ ਪੋਲਿੰਗ ਦਰ 62 ਫ਼ੀਸਦੀ ਤੋਂ ਡਿੱਗੀ ਨਹੀਂ ਹੈ। ਇਸ ਹਲਕੇ ਤੋਂ ਛੇ ਵਾਰ ਕਾਂਗਰਸ ਪਾਰਟੀ ਜੇਤੂ ਰਹੀ ਹੈ। ਕੇਂਦਰੀ ਮੰਤਰੀ ਰਵਨੀਤ ਬਿੱਟੂ ਦਾ ਵੱਕਾਰ ਵੀ ਹਲਕੇ ਨਾਲ ਜੁੜਿਆ ਹੋਇਆ ਹੈ ਜਿੱਥੋਂ ਭਾਜਪਾ ਦੇ ਜੀਵਨ ਗੁਪਤਾ ਮੈਦਾਨ ਵਿੱਚ ਹਨ। ਉਨ੍ਹਾਂ ਦੇ ਚੋਣ ਪ੍ਰਚਾਰ ਵਿੱਚ ਕਈ ਦਿੱਗਜ ਆਗੂ ਆ ਚੁੱਕੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਪ੍ਰਚਾਰ ਦੇ ਆਖ਼ਰੀ ਦਿਨਾਂ ਵਿੱਚ ਪਾਰਟੀ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ ਦੀ ਹਮਾਇਤ ਵਿੱਚ ਹੰਭਲਾ ਮਾਰਿਆ ਹੈ। ਲੁਧਿਆਣਾ ਵਿੱਚ ਵੋਟਾਂ ਵਾਲੇ ਦਿਨ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਜਨਰਲ ਅਬਜ਼ਰਵਰ ਦੀ ਅਗਵਾਈ ਹੇਠ 66 ਮਾਈਕਰੋ ਅਬਜ਼ਰਵਰ ਲਾਏ ਗਏ ਹਨ। ‘ਆਪ’ ਅਤੇ ਕਾਂਗਰਸ ਵਿੱਚ ਸਿਰ-ਧੜ ਦੀ ਬਾਜ਼ੀ ਲੱਗੀ ਹੋਣ ਕਰਕੇ ਮਾਹੌਲ ਵਿੱਚ ਕਾਫ਼ੀ ਤਲਖ਼ੀ ਬਣੀ ਹੋਈ ਹੈ।

# ਡਾ. ਬੀ.ਆਰ. ਅੰਬੇਦਕਰ ਦਾ ਬੁੱਤ ਤੋੜਨ ਵਾਲਾ ਰੇਸ਼ਮ ਸਿੰਘ ਗ੍ਰਿਫ਼ਤਾਰ, ਡੀਜੀਪੀ ਨੇ ਦਿੱਤੀ ਜਾਣਕਾਰੀ

**ਜਲੰਧਰ।** ਪੰਜਾਬ ਪੁਲਿਸ ਦੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਨੇ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਸਿੱਖ ਫਾਰ ਜਸਟਿਸ ਦੇ ਇੱਕ ਸ਼ਰਾਰਤੀ ਗੁੰਡੇ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਸ਼ੀ ਦੀ ਪਛਾਣ ਰੇਸ਼ਮ ਸਿੰਘ, ਵਾਸੀ ਬਰਨਾਲਾ (ਹਮੀਦੀ) ਵਜੋਂ ਹੋਈ ਹੈ। ਜਾਂਚ ਵਿੱਚ ਸਾਹ-ਮਣੇ ਆਇਆ ਹੈ ਕਿ ਉਸਨੇ ਨੰਗਲ, ਫਿਲੌਰ (ਜਲੰਧਰ) ਵਿੱਚ ਡਾ. ਬੀ.ਆਰ. ਅੰਬੇਡਕਰ ਦੀ ਮੂਰਤੀ ਤੋੜੀ ਸੀ। ਉਸੇ ਸਮੇਂ, ਮਈ ਦੇ ਮਹੀਨੇ ਵਿੱਚ, ਜਦੋਂ ਭਾਰਤ ਅਤੇ ਪਾਕਿਸਤਾਨ ਵਿਚਕ-ਾਰ ਤਣਾਅ ਸੀ, ਦੋਸ਼ੀ ਨੇ ਅਸ਼ਾਂਤੀ ਫੈਲਾਉਣ ਅਤੇ ਮਾਹੌਲ ਖਰਾਬ ਕਰਨ ਲਈ "ਪਾਕਿਸਤਾਨ ਜ਼ਿੰਦਾਬਾਦ" ਅਤੇ "ਖਾਲਿਸਤਾਨ ਜ਼ਿੰਦਾਬਾਦ" ਦੇ ਨਾਅਰੇ ਲਿਖੇ ਸਨ। ਪੁਲਿਸ ਹੁਣ ਦੋਸ਼ੀ ਤੋਂ ਪੁੱਛਗਿੱਛ ਕਰ ਰਹੀ ਹੈ।

ਕਈ ਜ਼ਿਲ੍ਹਿਆਂ ਵਿੱਚ ਖਾਲਿਸਤਾਨੀ ਨਾਅਰੇ ਲਿਖੇ ਗਏ ਸਨ ਸ਼ੁਰੂਆਤੀ ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਦੋਸ਼ੀ ਨੇ ਜੂਨ 2025 ਦੇ ਪਹਿਲੇ ਹਫ਼ਤੇ ਮੂਰਤੀ ਤੋੜਨ ਦੀ ਘਟਨਾ ਨੂੰ ਅੰਜਾਮ ਦਿੱਤਾ ਸੀ। ਉਹ ਕਈ UAPA



(ਗੈਰ-ਕਾਨੂੰਨੀ ਗਤੀਵਿਧੀਆਂ ਰੋਕਥਾਮ ਐਕਟ) ਮਾਮਲਿਆਂ ਵਿੱਚ ਲੋੜੀਂਦਾ ਅਪਰਾਧੀ ਹੈ ਅਤੇ SFJ ਮੁਖੀ ਗੁਰਪਤਵੰਤ ਸਿੰਘ ਪੰਨੂ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਿਹਾ ਸੀ। ਰੇਸ਼ਮ ਸਿੰਘ ਘਟਨਾ ਤੋਂ ਬਾਅਦ ਤੋਂ ਫਰਾਰ ਸੀ। ਉਸ 'ਤੇ ਪਟਿਆਲਾ, ਫਰੀਦਕੋਟ, ਜਲੰਧਰ ਅਤੇ ਹੋਰ ਜ਼ਿਲ੍ਹਿਆਂ ਵਿੱਚ ਖਾਲਿਸਤਾਨ ਅਤੇ ਸ਼ਵਝ ਦੇ ਸਮਰਥਨ ਵਿੱਚ ਨਾਅਰੇ ਲਗਾ ਕੇ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦਾ ਵੀ ਦੋਸ਼ ਹੈ।

**ਵਿਦੇਸ਼ੀ ਫੰਡਿੰਗ ਵੀ ਪ੍ਰਾਪਤ ਕੀਤੀ**

ਮਈ 2025 ਵਿੱਚ ਭਾਰਤ-ਪਾਕਿ-ਸਤਾਨ ਤਣਾਅ ਦੌਰਾਨ, ਉਸਨੇ ਲੋਕਾਂ ਵਿੱਚ ਅਸ਼ਾਂਤੀ ਪੈਦਾ ਕਰਨ ਅਤੇ ਦੇਸ਼ ਵਿਰੋਧੀ ਭਾਵਨਾਵਾਂ ਨੂੰ ਉਤਸ਼ਾਹਿਤ ਕਰਨ ਲਈ "ਪਾਕਿ-ਸਤਾਨ ਜ਼ਿੰਦਾਬਾਦ" ਅਤੇ "ਖਾਲਿਸਤਾਨ ਜ਼ਿੰਦਾਬਾਦ" ਵਰਗੇ ਨਾਅਰੇ ਲਿਖੇ। ਸਬੂਤਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਉਸਨੂੰ ਇਨ੍ਹਾਂ ਗੈਰ-ਕਾਨੂੰਨੀ ਗਤੀਵਿਧੀਆਂ ਲਈ ਵਿਦੇਸ਼ਾਂ ਤੋਂ ਫੰਡਿੰਗ ਮਿਲੀ ਸੀ ਅਤੇ ਭੜਕਾਊ ਨਾਅਰੇ ਲਿਖੇ ਸਨ।

# ਅਜੇ ਤਕ 208 ਪੀੜਤਾਂ ਦੀ ਹੋਈ ਸ਼ਨਾਖਤ

### 32 ਵਿਦੇਸ਼ੀਆਂ ਸਮੇਤ 170 ਲੋਕਾਂ ਦੀਆਂ ਲਾਸ਼ਾਂ ਵਾਰਸਾਂ ਨੂੰ ਸੌਂਪੀਆਂ

**ਨਵੀਂ ਦਿਲੀ।** ਅਹਿਮਦਾਬਾਦ ’ਚ ਪਿਛਲੇ ਹਫਤੇ ਹੋਏ ਏਅਰ ਇੰਡੀਆ ਦੇ ਜਹਾਜ਼ ਹਾਦਸੇ ’ਚ ਮਾਰੇ ਗਏ ਘੱਟੋ-ਘੱਟ 208 ਲੋਕਾਂ ਦੀ ਪਛਾਣ ਹੁਣ ਤਕ ਡੀ.ਐਨ.ਏ. ਟੈਸਟ ਰਾਹੀਂ ਕੀਤੀ ਗਈ ਹੈ ਅਤੇ 32 ਵਿਦੇਸ਼ੀ ਨਾਗਰਿਕਾਂ ਸਮੇਤ 170 ਲਾਸ਼ਾਂ ਉਨ੍ਹਾਂ ਦੇ ਪਰਵਾਰਾਂ ਨੂੰ ਸੌਂਪੀਆਂ ਗਈਆਂ ਹਨ। 242 ਮੁਸਾਫ਼ਰਾਂ ਅਤੇ ਚਾਲਕ ਦਲ ਦੇ ਮੈਂਬਰਾਂ ਨੂੰ ਲੈ ਕੇ ਲੰਡਨ ਜਾ ਰਹੀ ਏਅਰ ਇੰਡੀਆ ਦੀ ਉਡਾਣ ਏ.ਆਈ.-171 12 ਜੂਨ ਨੂੰ ਅਹਿਮਦਾਬਾਦ ’ਚ ਹਾਦਸਾਗ੍ਰਸਤ ਹੋ ਗਈ ਸੀ। ਜਹਾਜ਼ ਦੇ ਮੈਡੀਕਲ ਕੰਪਲੈਕਸ ਨਾਲ ਟਕਰਾਉਣ ਨਾਲ ਜਹਾਜ਼ ਵਿਚ ਸਵਾਰ ਇਕ ਨੂੰ ਛੱਡ ਕੇ ਬਾਕੀ ਸਾਰੇ ਲੋਕਾਂ ਦੀ ਮੌਤ ਹੋ ਗਈ ਅਤੇ ਜ਼ਮੀਨ ਉਤੇ ਹੀ ਲਗਭਗ 29 ਲੋਕਾਂ ਦੀ ਮੌਤ ਹੋ ਗਈ। ਅਧਿਕਾਰੀ ਪੀੜਤਾਂ ਦੀ ਪਛਾਣ ਸਥਾਪਤ ਕਰਨ ਲਈ ਡੀ.ਐਨ.ਏ. ਟੈਸਟ ਕਰ ਰਹੇ ਹਨ ਕਿਉਂਕਿ ਬਹੁਤ ਸਾਰੀਆਂ ਲਾਸ਼ਾਂ ਪਛਾਣ ਤੋਂ ਬਾਹਰ ਸੜ ਗਈਆਂ ਸਨ ਜਾਂ ਨੁਕਸਾਨੀਆਂ ਗਈਆਂ ਸਨ। ਅਹਿਮਦਾਬਾਦ ਸਿਵਲ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾਕਟਰ ਰਾਕੇਸ਼ ਜੋਸ਼ੀ ਨੇ ਪੱਤਰਕਾਰਾਂ ਨੂੰ



ਦਸਿਆ ਕਿ ਬਾਕੀ ਲਾਸ਼ਾਂ ਦੇ ਡੀਐਨਏ ਨਮੂਨਿਆਂ ਦਾ ਮਿਲਾਨ ਕਰਨ ਦੀ ਪ੍ਰਕਿਰਿਆ ਅਜੇ ਵੀ ਜਾਰੀ ਹੈ। ਸੂਬਾ ਸਰਕਾਰ ਨੇ ਪਹਿਲਾਂ ਕਿਹਾ ਸੀ ਕਿ ਹਾਦਸੇ ਦਾ ਸ਼ਿਕਾਰ ਹੋਏ ਜਹਾਜ਼ ’ਚ ਸਵਾਰ ਵਿਅਕਤੀਆਂ ਅਤੇ ਜ਼ਮੀਨ ਉਤੇ ਮਾਰੇ ਗਏ ਲੋਕਾਂ ਸਮੇਤ 250 ਪੀੜਤਾਂ ਦੇ ਨਮੂਨੇ ਪਛਾਣ ਲਈ ਇਕੱਤਰ ਕੀਤੇ ਗਏ ਸਨ।

# ਜਹਾਜ਼ ਹਾਦਸੇ ਵਾਲੀ ਥਾਂ ਤੋਂ ਇਕ ਵਿਅਕਤੀ ਨੇ 70 ਤੋਲੇ ਸੋਨਾ ਕੀਤਾ ਇਕੱਠਾ,ਪੁਲਿਸ ਨੂੰ ਸੌਂਪਿਆ

**ਨਵੀਂ ਦਿਲੀ।** 12 ਜੂਨ ਨੂੰ ਅਹਿਮਦਾਬਾਦ ਜਹਾਜ਼ ਹਾਦਸੇ ਤੋਂ ਬਾਅਦ ਪਹਿਲੇ ਜਵਾਬ ਦੇਣ ਵਾਲਿਆਂ ਵਿੱਚੋਂ ਇੱਕ ਰਾਜੇਸ਼ ਪਟੇਲ, ਲਾਸ਼ਾਂ ਅਤੇ ਕਈ ਜ਼ਖਮੀਆਂ ਨੂੰ ਐਂਬੂਲੈਂਸਾਂ ਵਿੱਚ ਲਿਜਾਣ ਤੋਂ ਤੁਰੰਤ ਬਾਅਦ ਘਟਨਾ ਸਥਾਨ 'ਤੇ ਵਾਪਸ ਆਇਆ। ਉਸਨੇ ਧੂੰਏਂ ਵਾਲੇ ਮਲਬੇ ਵਿੱਚੋਂ ਲੰਘਣਾ ਸ਼ੁਰੂ ਕਰ ਦਿੱਤਾ। 57 ਸਾਲਾ ਪਟੇਲ ਨੇ ਕਿਹਾ ਕਿ ਉਸਨੇ ਘਾਤਕ ਹਵਾਬਾਜ਼ੀ ਹਾਦਸੇ ਵਾਲੀ ਥਾਂ ਤੋਂ ਲਗਭਗ 70 ਤੋਲੇ ਸੋਨੇ ਦੇ ਗਹਿਣੇ ਇਕੱਠੇ ਕੀਤੇ, ਜੋ ਕਿ ਪੀੜਤਾਂ ਦੇ ਰਿਸ਼ਤੇਦਾਰਾਂ ਲਈ ਅਨਮੋਲ ਹੋਣਗੇ, 50,000 ਰੁਪਏ ਅਤੇ ਕੁਝ ਅਮਰੀਕੀ ਡਾਲਰ ਅਤੇ ਉਨ੍ਹਾਂ ਨੂੰ ਪੁਲਿਸ ਨੂੰ ਸੌਂਪ ਦਿੱਤਾ। ਜਿਵੇਂ ਹੀ ਉਸਨੇ ਇੱਕ ਭਿਆਨਕ ਆਵਾਜ਼ ਸੁਣੀ ਅਤੇ ਅੱਗ ਦਾ ਇੱਕ ਵਿਸ਼ਾਲ ਗੋਲਾ ਅਸਮਾਨ ਵਿੱਚ ਉੱਠਦਾ ਦੇਖਿਆ, ਪਟੇਲ, ਜੋ ਹਾਦਸੇ ਵਾਲੀ ਥਾਂ ਤੋਂ ਸਿਰਫ਼ 300 ਮੀਟਰ ਦੀ ਦੂਰੀ 'ਤੇ ਰਹਿੰਦਾ ਹੈ, ਸ਼ਹਿਰ ਦੇ ਸ਼ਾਹੀਬਾਗ ਖੇਤਰ ਵਿੱਚ ਆਪਣੇ ਰਿਸ਼ਤੇਦਾਰ ਦੁਆਰਾ ਚਲਾਏ ਜਾ ਰਹੇ ਇੱਕ ਨਿੱਜੀ ਹਸਪਤਾਲ ਦੀ ਐਂਬੂਲੈਂਸ ਵਿੱਚ ਛਾਲ ਮਾਰ ਦਿੱਤੀ। "ਜਦੋਂ ਮੈਨੂੰ ਪਤਾ ਲੱਗਾ ਕਿ ਬੀਜੇ ਮੈਡੀਕਲ ਕਾਲਜ ਦੇ ਹੋਸਟਲ ਕੰਪਲੈਕਸ ਵਿੱਚ ਇੱਕ ਜਹਾਜ਼ ਹਾਦਸਾਗ੍ਰਸਤ ਹੋ ਗਿਆ ਹੈ, ਤਾਂ



ਮੈਂ ਵੱਧ ਤੋਂ ਵੱਧ ਲੋਕਾਂ ਨੂੰ ਬਚਾਉਣ ਦੀ ਉਮੀਦ ਨਾਲ ਉਸ ਖੇਤਰ ਵੱਲ ਭੱਜਿਆ। ਹਾਲਾਂਕਿ, ਅਸੀਂ ਪਹਿਲੇ 15 ਤੋਂ 20 ਮਿੰਟਾਂ ਲਈ ਘਟਨਾ ਸਥਾਨ ਦੇ ਨੇੜੇ ਨਹੀਂ ਪਹੁੰਚ ਸਕੇ। ਅੱਗ 'ਤੇ ਕਾਬੂ ਪਾਉਣ ਤੋਂ ਬਾਅਦ ਅਸੀਂ ਬਚਾਅ ਕਾਰਜ ਸ਼ੁਰੂ ਕੀਤਾ," ਪਟੇਲ ਨੇ ਕਿਹਾ, ਜੋ ਉਸਾਰੀ ਕਾਰੋਬਾਰ ਵਿੱਚ ਹੈ। ਕਿਉਂਕਿ ਪਟੇਲ ਅਤੇ ਹੋਰ ਵਲੰਟੀਅਰਾਂ ਕੋਲ ਕੋਈ ਸਟ੍ਰੈਚਰ ਨਹੀਂ ਸੀ, ਇਸ ਲਈ ਉਨ੍ਹਾਂ ਨੇ ਲਾਸ਼ਾਂ ਅਤੇ ਜ਼ਖਮੀਆਂ ਨੂੰ ਐਂਬੂਲੈਂਸਾਂ ਤੱਕ ਪਹੁੰਚਾਉਣ ਲਈ ਪੁਰਾਣੀਆਂ ਸਾੜੀਆਂ, ਚਾਦਰਾਂ ਅਤੇ ਬੋਰੀਆਂ ਦੀ ਵਰਤੋਂ ਕੀਤੀ।ਬਚਾਅ ਕਾਰਜ ਖਤਮ ਕਰਨ ਤੋਂ ਬਾਅਦ, ਪਟੇਲ ਨੇ ਬਦਕਿਸਮਤ ਏਅਰ ਇੰਡੀਆ ਜਹਾਜ਼ ਵਿੱਚ ਸਵਾਰ ਲੋਕਾਂ ਦੇ ਸਮਾਨ ਅਤੇ ਹੋਰ ਸਮਾਨ ਨੂੰ ਬਚਾਉਣ ਵੱਲ ਧਿਆਨ ਦਿੱਤਾ। "ਸਾੜੇ ਹੋਏ ਅਤੇ ਖਿੰਡੇ ਹੋਏ 10 ਤੋਂ 15 ਹੈਂਡਬੈਗਾਂ ਵਿੱਚੋਂ, ਅਸੀਂ 70 ਤੋਲੇ ਸੋਨੇ ਦੇ ਗਹਿਣੇ, 8 ਤੋਂ 10 ਚਾਂਦੀ ਦੇ ਸਮਾਨ, ਕੁਝ ਪਾਸਪੋਰਟ, ਭਗਵਦ ਗੀਤਾ ਦੀ ਇੱਕ ਕਾਪੀ, 50,000 ਰੁਪਏ ਨਕਦ ਅਤੇ 20 ਡਾਲਰ ਬਰਾਮਦ ਕੀਤੇ। ਅਸੀਂ ਉਨ੍ਹਾਂ ਨੂੰ ਬਚਾਅ ਕਾਰਜ ਦੀ ਨਿਗਰਾਨੀ ਕਰਨ ਵਾਲੇ ਇੱਕ ਪੁਲਿਸ ਅਧਿਕਾਰੀ ਨੂੰ ਸੌਂਪ ਦਿੱਤਾ," ਪਟੇਲ ਨੇ ਕਿਹਾ।ਪਟੇਲ, ਜੋ ਪਹਿਲਾਂ ਫੋਟੋਗ੍ਰਾਫਰ ਵਜੋਂ ਕੰਮ ਕਰਦਾ ਸੀ, ਨੇ 2008 ਦੇ ਅਹਿਮਦਾਬਾਦ ਲੜੀਵਾਰ ਧਮਾਕਿਆਂ ਤੋਂ ਬਾਅਦ ਅਹਿਮਦਾਬਾਦ ਸਿਵਲ ਹਸਪਤਾਲ ਵਿੱਚ ਸਵੈ-ਇੱਛਾ ਨਾਲ ਸੇਵਾ ਕੀਤੀ ਸੀ। ਹਸਪਤਾਲ ਦੇ ਟਰਾਮਾ ਸੈਂਟਰ ਦੇ ਅੰਦਰ ਹੋਏ ਇੱਕ ਧਮਾਕੇ ਵਿੱਚ ਉਸਨੇ ਆਪਣੇ ਦੋ ਨਜ਼ਦੀਕੀ ਦੋਸਤਾਂ ਨੂੰ ਗੁਆ ਦਿੱਤਾ। ਮੇਘਾਨੀਨਗਰ ਪੁਲਿਸ ਸਟੇਸ਼ਨ ਦੇ ਇੰਸਪੈਕਟਰ ਡੀਬੀ ਬਸੀਆ ਦੇ ਅਨੁਸਾਰ, ਉਨ੍ਹਾਂ ਦੀ ਇੱਕ ਟੀਮ ਨੂੰ ਕਰੈਸ਼ ਸਾਈਟ ਤੋਂ ਬਰਾਮਦ ਕੀਤੇ ਗਏ ਹਰ ਕੀਮਤੀ ਵਸਤੂ ਦੇ ਨਾਲ-ਨਾਲ ਸਾਮਾਨ ਦੀ ਵਿਸਤ੍ਰਿਤ ਸੂਚੀ ਤਿਆਰ ਕਰਨ ਦਾ ਕੰਮ ਸੌਂਪਿਆ ਗਿਆ ਹੈ। "ਇੱਕ ਵਾਰ ਸੂਚੀ ਤਿਆਰ ਹੋ ਜਾਣ ਤੋਂ ਬਾਅਦ, ਅਸੀਂ ਏਅਰ ਇੰਡੀਆ ਨਾਲ ਤਾਲਮੇਲ ਕਰਾਂਗੇ ਅਤੇ ਤਸਦੀਕ ਤੋਂ ਬਾਅਦ ਯਾਤਰੀਆਂ ਦੇ ਰਿਸ਼ਤੇਦਾਰਾਂ ਨੂੰ ਕੀਮਤੀ ਵਸਤੂਆਂ ਅਤੇ ਸਾਮਾਨ ਸੌਂਪਣ ਦੀ ਪ੍ਰਕਿਰਿਆ ਸ਼ੁਰੂ ਕਰਾਂਗੇ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com



ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।


# ਆਂਧਰਾ ਪ੍ਰਦੇਸ਼ ਵਿੱਚ ਪੁਲਿਸ ਨਾਲ ਮੁਕਾਬਲੇ ਵਿੱਚ ਮਾਰੇ ਗਏ 3 ਮਾਓਵਾਦੀ



**ਨਵੀਂ ਦਿ.ਲੀ।** ਆਂਧਰਾ ਪ੍ਰਦੇਸ਼ ਦੇ ਅੱਲੂਰੀ ਸੀਤਾਰਾਮਾਰਾਜੂ ਜ਼ਿਲ੍ਹੇ ਵਿੱਚ ਬੁੱਧਵਾਰ ਸਵੇਰੇ ਇੱਕ ਤਲਾਸ਼ੀ ਮੁਹਿੰਮ ਦੌਰਾਨ ਪੁਲਿਸ ਨਾਲ ਮੁਕਾ-ਬਲੇ ਵਿੱਚ ਤਿੰਨ ਮਾਓਵਾਦੀ ਮਾਰੇ ਗਏ। ਇੱਕ ਪੁਲਿਸ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਪੁਲਿਸ ਨੇ ਕਿਹਾ ਕਿ ਮੁੱਢਲੀ ਜਾਣਕਾਰੀ ਅਨੁਸਾਰ, ਖੁਫੀਆ ਜਾਣਕਾਰੀ ਦੇ ਆਧਾਰ 'ਤੇ ਤਲਾਸ਼ੀ ਮੁਹਿੰਮ ਚਲਾਈ ਗਈ ਸੀ। ਪੁਲਿਸ ਨੇ ਕਿਹਾ ਕਿ ਮ੍ਰਿਤਕਾਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ। ਅੱਲੂਰੀ ਸੀਤਾਰਾਮਾਰਾਜੂ ਜ਼ਿਲ੍ਹੇ ਦੇ ਪੁਲਿਸ ਸੁਪਰਡੈਂਟ (ਐਸਪੀ) ਅਮਿਤ ਬਰਦਾਰ ਨੇ ਦੱਸਿਆ, "ਪੁਲਿਸ ਨਾਲ ਮੁਕਾਬਲੇ ਵਿੱਚ ਤਿੰਨ ਮਾਓਵਾਦੀ ਮਾਰੇ ਗਏ।" ਰਾਮਪਚੋਦਾਵਰਮ ਦੇ ਡੀਐਸਪੀ ਜੀਐਸ ਪ੍ਰਸ਼ਾਂਤ ਨੇ ਕਿਹਾ, "ਮਾਓਵਾਦੀਆਂ ਦੀਆਂ ਲਾਸ਼ਾਂ ਅਜੇ ਤੱਕ ਬਰਾਮਦ ਨਹੀਂ ਕੀਤੀਆਂ ਗਈਆਂ ਹਨ। ਜਾਂਚ ਜਾਰੀ ਹੈ, ਅਤੇ ਪੁਲਿਸ ਨੇ ਇਲਾਕੇ ਵਿੱਚ ਕਿਸੇ ਹੋਰ ਮਾਓਵਾਦੀ ਦੀ ਮੌਜੂਦਗੀ ਦਾ ਪਤਾ ਲਗਾਉਣ ਲਈ ਨਿਗਰਾਨੀ ਵਧਾ ਦਿੱਤੀ ਹੈ।"


## CHANGE OF NAME

I, **HARBHAGWAN** S/O Mr Inderjit whose permanent address in India is Nayyar Colony, Shaheed Bhagat Singh Nagar, Punjab, India and is now living at 10 Farley Dr, Seven Kings, Ilford, IG3 8LT UK hereby gives notice of my intention to change my name to **HARRY SANDAL** subject to the approval of The High Commission of India, London.

# ਸਾਹਿਤ ਅਕੈਡਮੀ ਬਾਲ ਸਾਹਿਤ ਪੁਰਸਕਾਰ ਪਾਲੀ ਖ਼ਾਦਿਮ ਦੇ 'ਜਾਦੂ-ਪੱਤਾ' ਨੂੰ, ਯੁਵਾ ਪੁਰਸਕਾਰ ਮਨਦੀਪ ਔਲਖ ਦੇ 'ਗਰਲਜ਼ ਹੋਸਟਲ' ਨੂੰ

**ਨਵੀਂ ਦਿੱਲੀ।** ਭਾਰਤੀ ਸਾਹਿਤ ਅਕੈਡਮੀ ਵੱਲੋਂ 2025 ਦੇ ਬਾਲ ਸਾਹਿਤ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ, ਜਿਸ ਤਹਿਤ ਪੰਜਾਬੀ ਵਿੱਚ ਇਹ ਇਨਾਮ ਪਾਲੀ ਖ਼ਾਦਿਮ ਦੇ ਨਾਵਲ 'ਜਾਦੂ-ਪੱਤਾ' ਨੂੰ ਦੇਣ ਦਾ ਫ਼ੈਸਲਾ ਕੀਤਾ ਗਿਆ। ਪੰਜਾਬੀ ਵਿੱਚ ਇਨਾਮ ਦਾ ਫ਼ੈਸਲਾ ਕਰਨ ਵਾਲੀ ਜਿਊਰੀ ਵਿੱਚ ਕਵੀ ਦਰਸ਼ਨ ਬੁੱਟਰ, ਕਮਲਜੀਤ ਨੀਲੋਂ ਅਤੇ ਅਤੇ ਡਾ. ਪਰਮਿੰਦਰ ਸਿੰਘ ਸ਼ਾਮਿਲ ਸਨ। ਇਨਾਮਾਂ ਦਾ ਫ਼ੈਸਲਾ ਬਹੁਮਤ ਜਾਂ ਸਰਬਸੰਮਤੀ ਨਾਲ ਕੀਤਾ ਗਿਆ। ਅਕੈਡਮੀ ਦੇ ਮੁਖੀ ਮਾਧਵ ਕੌਸ਼ਿਕ ਦੀ ਪ੍ਰਧਾਨਗੀ ਹੇਠ ਕਾਰਜਕਾਰੀ ਮੰਡਲ ਵੱਲੋਂ 24 ਭਾਸ਼ਾਵਾਂ ਦੇ ਲੇਖਕਾਂ ਦੀ ਚੋਣ ਕੀਤੀ ਗਈ ਅਤੇ ਤੈਅ ਪ੍ਰਕਿਰਿਆ ਅਪਣਾਈ ਗਈ। ਇਨਾਮ ਦੀ ਦੌੜ ਵਿੱਚ ਸ਼ਾਮਿਲ ਪੁਸਤਕਾਂ 1 ਜਨਵਰੀ 2019 ਤੋਂ 31 ਦਸੰਬਰ 2023 ਦੇ ਸਾਲਾਂ ਦੌਰਾਨ ਛਪੀਆਂ ਹੋਣ ਕਰ ਕੇ ਲਈਆਂ ਗਈਆਂ। ਇਨਾਮ ਜੇਤੂ ਲੇਖਕਾਂ ਨੂੰ 50 ਹਜ਼ਾਰ ਰੁਪਏ ਦੀ ਇਨਾਮ ਰਕਮ ਅਤੇ ਸਨਮਾਨ ਚਿੰਨ੍ਹ ਭਵਿੱਖ ਵਿੱਚ ਇੱਕ ਪ੍ਰਭਾਵਸ਼ਾਲੀ ਪ੍ਰੋਗਰਾਮ ਕਰ ਕੇ ਦਿੱਤੇ ਜਾਣਗੇ। ਭਾਰਤੀ ਸਾਹਿਤ ਅਕੈਡਮੀ ਦੇ ਪੰਜਾਬੀ ਹਿੱਸੇ ਦੇ ਕਨਵੀਨਰ ਡਾ. ਰਵੇਲ ਸਿੰਘ ਨੇ ਦੱਸਿਆ ਕਿ ਹਿੰਦੀ ਵਿੱਚ 'ਇੱਕ ਵਟੇ ਬਾਰਾਂ' (ਕਹਾਣੀ) ਦੇ ਲੇਖਕ ਸੁਸ਼ੀਲ ਸ਼ੁਕਲ, ਅੰਗਰੇਜ਼ੀ ਲਈ ਲੇਖਕ ਨਿਖਿਲ ਕੁਸ਼ਲੱਪਾ ਐਮਪੀ ਦੇ ਕਹਾਣੀ ਸੰਗ੍ਰਹਿ 'ਦੱਖਣ, ਸਾਊਥ ਇੰਡੀਅਨ ਮਿਥਸ ਐਂਡ ਫੈਵਲਸ ਰੀਟੋਲਡ' ਨੂੰ, ਉਰਦੂ ਵਿੱਚ ਗ਼ਜ਼ਨਫ਼ਰ ਇਕਬਾਲ ਦੀ ਲੇਖਾਂ ਦੀ ਕਿਤਾਬ 'ਕੌਮੀ ਸਿਤਾਰੇ' ਨੂੰ ਇਹ ਐਵਾਰਡ ਦੇਣ ਦਾ ਫ਼ੈਸਲਾ ਗਿਆ ਹੈ। ਇਸੇ ਤਰ੍ਹਾਂ ਸਿੰਧੀ ਲਈ ਲੇਖਕ ਲੇਖਕ ਹੀਨਾ



ਨਗਨਾਨੀ 'ਹੀਰ' ਦੀ ਕਿਤਾਬ 'ਅਸਮਾਨੀ ਪਰੀ' (ਕਵਿਤਾ) ਨੂੰ ਐਵਾਰਡ ਦੇਣ ਦਾ ਫ਼ੈਸਲਾ ਕੀਤਾ ਗਿਆ। ਇਸੇ ਤਰ੍ਹਾਂ ਅਸਾਮੀ, ਬੰਗਾਲੀ, ਉੜੀਆ, ਤਾਮਿਲ, ਤੇਲਗੂ ਸਮੇਤ ਬਾਕੀ ਸੂਚੀਬੱਧ ਭਾਸ਼ਾਵਾਂ ਦੇ ਬਾਲ ਲੇਖਕਾਂ ਦੀਆਂ ਕਿਤਾਬਾਂ ਵੀ ਬਾਲ ਸਾਹਿਤ 2025 ਦੇ ਇਨਾਮ ਲਈ ਚੁਣੀਆਂ ਗਈਆਂ ਹਨ। ਕੁੱਲ 24 ਕਿਤਾਬਾਂ ਦੀ ਚੋਣ ਬਾਲ ਸਾਹਿਤ ਪੁਰਸਕਾਰ ਲਈ ਕੀਤੀ ਗਈ ਹੈ। ਇਨ੍ਹਾਂ



ਵਿਚੋਂ ਨੌਂ ਕਹਾਣੀ ਸੰਗ੍ਰਹਿ, ਅੱਠ ਕਵਿਤਾ ਸੰਗ੍ਰਹਿ, ਚਾਰ ਨਾਵਲ ਤੇ ਨਾਟਕ ਦੀਆਂ ਦੋ ਕਿਤਾਬਾਂ ਅਤੇ ਲੇਖਾਂ ਦੀ ਇੱਕ ਕਿਤਾਬ ਇਨਾਮ ਲਈ ਚੁਣੀ ਗਈ ਹੈ।

### ਹੁਣ ਤੱਕ ਪੰਜ ਕਿਤਾਬਾਂ ਲਿਖ ਚੁੱਕੇ ਹਨ ਪਾਲੀ ਖ਼ਾਦਿਮ

ਪਾਲੀ ਖ਼ਾਦਿਮ (ਅੰਮ੍ਰਿਤਪਾਲ ਸਿੰਘ) ਅਹਿਮਦਗੜ੍ਹ ਦੇ ਰਹਿਣ ਵਾਲੇ ਅਤੇ ਅਧਿਆਪਕ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ ਲੋਕ ਸਾਜ਼ਾਂ ਤੇ ਅਧਾਰਤ ਵੰਨਗੀ "ਫੋਕ ਆਰਕੈਸਟਰਾ" ਵਿਚ ਸਾਲ 2002 ਵਿੱਚ ਸੋਨ ਤਮਗਾ ਜੇਤੂ, ਪੰਜਾਬੀ ਸਾਹਿਤ ਦੀ ਸੇਵਾ ਵਿੱਚ ਪੰਜ ਕਿਤਾਬਾਂ - 'ਸਵੈ ਦੀ ਤਸਦੀਕ' ਗ਼ਜ਼ਲ ਸੰਗ੍ਰਹਿ, 'ਜਾਦੂ ਪੱਤਾ' ਬਾਲ ਨਾਵਲ, 'ਸਾਡੀ ਕਿਤਾਬ' ਬਾਲ ਕਵਿਤਾ, 'ਵਾਇਰਸ' ਬਾਲ ਨਾਵਲ ਅਤੇ 'ਪੰਜਾਬੀ ਵਿਆਕਰਨ' (ਕਵਿਤਾ ਰੂਪ ਵਿੱਚ) ਲਿਖ ਚੁੱਕੇ ਹਨ। ਪੰਜਾਬੀ ਰੰਗ-ਮੰਚ ਨਾਲ ਜੁੜੇ ਰਹੇ ਪਾਲੀ ਨੂੰ ਕੋਰੀਓਗ੍ਰਾਫੀ, ਜਿਮਨਾਸਟਿਕਸ, ਸਕਿੱਟ, ਮਮਿਕਰੀ ਅਤੇ ਮਾਈਮ ਆਦਿ ਦਾ ਵੀ ਗਿਆਨ ਹੈ।

### ਯੁਵਾ ਪੁਰਸਕਾਰ ਕਵਿਤਰੀ ਮਨਦੀਪ ਔਲਖ ਨੂੰ

ਇਸੇ ਦੌਰਾਨ ਯੁਵਾ ਪੁਰਸਕਾਰ ਪੰਜਾਬੀ ਕਵਿੱਤਰੀ ਮਨਦੀਪ ਔਲਖ ਦੀ ਕਵਿਤਾ ਦੀ ਕਿਤਾਬ 'ਗਰਲਜ਼ ਹੋਸਟਲ' ਨੂੰ ਦੇਣ ਦਾ ਫੈਸਲਾ ਕੀਤਾ ਗਿਆ ਹੈ। ਭਾਰਤੀ ਸਾਹਿਤ ਅਕੈਡਮੀ ਵੱਲੋਂ ਇਸ ਇਨਾਮ ਲਈ ਜਸਵੀਰ ਸਿੰਘ ਰਾਣਾ, ਜਸਵਿੰਦਰ ਸਿੰਘ ਸੈਣੀ ਅਤੇ ਪਰਮਜੀਤ ਸਿੰਘ ਮਾਨ ਦੀ ਤਿੰਨ ਮੈਂਬਰੀ ਜਿਊਰੀ ਬਣਾਈ ਗਈ ਸੀ।

ਮਨਦੀਪ ਔਲਖ ਨੇ ਐਮਏ ਆਨਰਜ਼ (ਅੰਗਰੇਜ਼ੀ) ਦੀ ਪੜ੍ਹਾਈ ਕੀਤੀ ਹੈ ਅਤੇ ਪੀਐਚਡੀ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਤੋਂ ਕੀਤੀ ਹੈ। ਉਹ ਐੱਸਸੀਡੀ ਸਰਕਾਰੀ ਕਾਲਜ, ਲੁਧਿਆਣਾ ਅੰਗਰੇਜ਼ੀ ਵਿਭਾਗ ਵਿਚ ਸਹਾਇਕ ਪ੍ਰੋਫੈਸਰ ਵਜੋਂ ਸੇਵਾ ਨਿਭਾ ਰਹੇ ਹਨ। ਉਨ੍ਹਾਂ ਹੁਣ ਤੱਕ 'ਮਨ ਕਸਤੂਰੀ' (2019) ਅਤੇ 'ਗਰਲਜ਼ ਹੋਸਟਲ' (2024) ਦੋ ਕਵਿਤਾ ਸੰਗ੍ਰਹਿ ਲਿਖੇ ਹਨ। ਉਨ੍ਹਾਂ 3 ਕਿਤਾਬਾਂ ਅਨੁਵਾਦ ਵੀ ਕੀਤੀਆਂ ਹਨ।

## 3 ਦਹਾਕਿਆਂ ਤੋਂ ਦਿਹਾੜੀ 'ਤੇ ਕੰਮ ਕਰ ਰਹੇ ਮੁਲਾਜ਼ਮ ਹੋਣਗੇ ਰੈਗੂਲਰ, ਪੰਜਾਬ ਸਰਕਾਰ ਦੀਆਂ 136 ਅਪੀਲਾਂ ਖ਼ਾਰਜ




**ਚੰਡੀਗੜ੍ਹ।** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਇੱਕ ਡਿਵੀਜ਼ਨ ਬੈਂਚ ਨੇ 2003 ਤੋਂ 2013 ਦੇ ਸਮੇਂ ਦੌਰਾਨ ਦਾਇਰ ਵੱਖ-ਵੱਖ ਪਟੀਸ਼ਨਾਂ ਵਿੱਚ ਇੱਕ ਸਿੰਗਲ ਬੈਂਚ ਦੇ ਹੁਕਮਾਂ ਨੂੰ ਚੁਣੌਤੀ ਦੇਣ ਵਾਲੀਆਂ ਪੰਜਾਬ ਸਰਕਾਰ ਵੱਲੋਂ ਦਾਇਰ 136 ਅਪੀਲਾਂ ਦੇ ਇੱਕ ਵੱਡੇ ਸਮੂਹ ਨੂੰ ਖਾਰਜ ਕਰਕੇ ਸੂਬਾ ਸਰਕਾਰ ਨੂੰ ਝਟਕਾ ਦਿੱਤਾ ਹੈ। ਇਹ ਹੁਕਮ ਉਨ੍ਹਾਂ ਕਰਮਚਾਰੀਆਂ ਨੂੰ ਨਿਯਮਤ ਕਰਨ ਨਾਲ ਸਬੰਧਤ ਸਨ ਜੋ ਲੰਬੇ ਸਮੇਂ ਤੋਂ ਰੋਜ਼ਾਨਾ ਤਨਖਾਹ ਜਾਂ ਅਸਥਾਈ ਆਧਾਰ 'ਤੇ ਸੇਵਾ ਵਿੱਚ ਸਨ। ਇਸ ਮਾਮਲੇ ਵਿੱਚ, ਜਸਟਿਸ ਸੁਧੀਰ ਸਿੰਘ ਅਤੇ ਜਸਟਿਸ ਆਲੋਕ ਜੈਨ ਦੇ ਡਿਵੀਜ਼ਨ ਬੈਂਚ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਜਿਨ੍ਹਾਂ ਕਰਮਚਾਰੀਆਂ ਨੇ 31 ਦਸੰਬਰ 2006 ਤੱਕ ਦਸ ਸਾਲ ਜਾਂ ਇਸ ਤੋਂ ਵੱਧ ਸੇਵਾ ਪੂਰੀ ਕੀਤੀ ਸੀ, ਉਨ੍ਹਾਂ ਨੂੰ ਰੈਗੂਲਰ ਕੀਤਾ ਜਾਣਾ ਉਨ੍ਹਾਂ ਦਾ ਸੰਵਿਧਾਨਕ ਅਧਿਕਾਰ ਹੈ ਅਤੇ ਸਰਕਾਰ ਉਨ੍ਹਾਂ ਨੂੰ ਇਸ ਅਧਿਕਾਰ ਤੋਂ ਸਿਰਫ਼ ਇਸ ਆਧਾਰ 'ਤੇ ਵਾਂਝਾ ਨਹੀਂ ਕਰ ਸਕਦੀ ਕਿ ਉਨ੍ਹਾਂ ਨੂੰ ਮਨਜ਼ੂਰਸ਼ੁਦਾ ਅਹੁਦਿਆਂ 'ਤੇ ਨਿਯੁਕਤ ਨਹੀਂ ਕੀਤਾ ਗਿਆ ਸੀ ਜਾਂ ਉਨ੍ਹਾਂ ਕੋਲ ਘੱਟੋ-ਘੱਟ ਵਿਦਿਅਕ ਯੋਗਤਾ ਨਹੀਂ ਸੀ। ਡਿਵੀਜ਼ਨ ਬੈਂਚ ਨੇ 26 ਫਰਵਰੀ 2024 ਦੇ ਸਿੰਗਲ ਬੈਂਚ ਦੇ ਫੈਸਲੇ ਨੂੰ ਪੂਰੀ ਤਰ੍ਹਾਂ ਜਾਇਜ਼ ਅਤੇ ਕਾਨੂੰਨੀ ਕਰਾਰ ਦਿੱਤਾ ਅਤੇ ਕਿਹਾ ਕਿ ਇਹ ਫੈਸਲਾ ਉਮਾ ਦੇਵੀ ਬਨਾਮ ਕਰਨਾਟਕ ਰਾਜ ਵਿੱਚ ਸੰਵਿਧਾਨ ਬੈਂਚ ਵੱਲੋਂ ਦਿੱਤੇ ਗਏ ਫੈਸਲੇ ਦੀ ਭਾਵਨਾ ਦੇ ਅਨੁਸਾਰ ਹੈ। ਇਸ ਤੋਂ ਪਹਿਲਾਂ, ਸਰਕਾਰ ਨੇ ਦਲੀਲ ਦਿੱਤੀ ਸੀ ਕਿ ਕਿਉਂਕਿ ਇਨ੍ਹਾਂ ਕਰਮਚਾਰੀਆਂ ਨੂੰ ਮਨਜ਼ੂਰਸ਼ੁਦਾ ਅਸਾਮੀਆਂ 'ਤੇ ਨਿਯੁਕਤ ਨਹੀਂ ਕੀਤਾ ਗਿਆ ਸੀ ਅਤੇ ਉਨ੍ਹਾਂ ਕੋਲ ਲੋੜੀਂਦੀ ਵਿਦਿਅਕ ਯੋਗਤਾ ਨਹੀਂ ਸੀ, ਇਸ ਲਈ ਉਨ੍ਹਾਂ ਨੂੰ ਰੈਗੂਲਰ ਕਰਨਾ ਸੰਭਵ ਨਹੀਂ ਹੈ। ਇਸ ਦੇ ਨਾਲ ਹੀ ਸਰਕਾਰ ਨੇ ਇਹ ਵੀ ਕਿਹਾ ਕਿ ਜੇਕਰ ਉਨ੍ਹਾਂ ਨੂੰ ਰੈਗੂਲਰ ਕੀਤਾ ਜਾਂਦਾ ਹੈ, ਤਾਂ ਇਹ ਉਮਾ ਦੇਵੀ ਦੇ ਫੈਸਲੇ ਦੇ ਵਿਰੁੱਧ ਹੋਵੇਗਾ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਥਾਣਾ ਸਿਟੀ ਦੀ ਪੁਲਿਸ ਨੇ 500 ਗਰਾਮ ਚਰਸ ਸਮੇਤ ਦੋ ਵਿਅਕਤੀਆਂ ਨੂੰ ਕੀਤਾ ਕਾਬੂ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਸੰਦੀਪ ਮਲਿਕ ਆਈ.ਪੀ.ਐਸ. ਐਸ ਐਸ ਪੀ ਹੁਸ਼ਿਆਰਪੁਰ ਦੀ ਅਗਵਾਈ ਹੇਠ ਤੇ ਮੁਕੇਸ਼ ਕੁਮਾਰ ਐਸ.ਪੀ. ਤਫਤੀਸ਼ ਅਤੇ ਪਲਵਿੰਦਰ ਡੀ.ਐਸ.ਪੀ ਚੱਬੇਵਾਲ ਕਮ ਇੰਨਚਾਰਜ ਸਬ ਡਵੀਜਨ ਸਿਟੀ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਐਸ.ਆਈ ਕਿਰਨ ਸਿੰਘ ਮੁੱਖ ਅਫਸਰ ਥਾਣਾ ਸਿਟੀ, ਹੁਸ਼ਿਆਰਪੁਰ ਨੂੰ ਉਸ ਸਮੇਂ ਵੱਡੀ ਸਫਤਲਾ ਮਿਲੀ, ਉਹਨਾਂ ਦੱਸਿਆ ਕਿ ਏ ਐਸ ਆਈ ਅਨਿਲ ਕੁਮਾਰ ਸਮੇਤ ਪੁਲਿਸ ਪਾਰਟੀ ਵਲੋਂ ਨਸ਼ੇ ਦੇ ਸੌਦਾਗਰਾਂ ਨੂੰ ਫੜਨ ਵਾਸਤੇ ਗਸ਼ਤ ਕਰ ਰਹੇ ਸੀ ਤਾਂ ਜਦੋਂ ਪੁਲਿਸ ਪਾਰਟੀ ਭੰਗੀ ਪੁੱਲ ਤੋ ਹੁੰਦੇ ਹੋਏ ਦੁਸਾਹਿਰਾ ਗਰਾਉਡ ਧੋਬੀ ਘਾਟ ਚੋਕ ਤੋ ਊਨਾ ਰੋਡ ਨੂੰ ਜਾ ਰਹੇ ਸੀ ਤਾ ਅੱਗੋ ਦੋ ਵਿਅਕਤੀ ਪੈਦਲ ਆਉਦੇ ਦਿਖਾਈ ਦਿੱਤੇ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਪਿੱਛੇ ਮੁੜਨ ਲੱਗੇ ਤਾਂ ਏ.ਐਸ.ਆਈ ਅਨਿਲ ਕੁਮਾਰ ਨੇ ਸ਼ੱਕ ਦੇ ਤੌਰ ਤੇ ਉਨਾ ਨੋਜਵਾਨਾ ਨੂੰ ਕਾਬੂ ਕਰਕੇ ਉਹਨਾਂ



ਦਾ ਨਾਮ ਪਤਾ ਪੁੱਛਿਆ, ਤਾ ਉਹਨਾਂ ਵਿੱਚੋ ਇੱਕ ਨੇ ਆਪਣਾ ਨਾਮ ਬਲਵੀਰ ਸਿੰਘ ਉਰਫ ਬੀਰਾ ਪੁੱਤਰ ਭੋਲਾ ਸਿੰਘ ਵਾਸੀ ਰਣਜੀਤ ਨਗਰ ਗਲੀ ਨੰ 01 ਹੁਸ਼ਿਆਰਪੁਰ ਅਤੇ ਪਵਨ ਕੁਮਾਰ ਪੁੱਤਰ ਹਰੀਸ਼ ਕੁਮਾਰ ਵਾਸੀ ਮੁਹੱਲਾ ਪ੍ਰੇਮਗੜ੍ਹ ਹੁਸ਼ਿਆਰਪੁਰ ਦੱਸਿਆ। ਏਐਸਆਈ ਅਨਲ ਕੁਮਾਰ ਨੇ ਦੱਸਿਆ ਕਿ ਇਹਨਾਂ ਦੀ ਤਲਾਸ਼ੀ ਕਰਨ ਤੇ ਉਕਤ ਵਿਅਕਤੀਆਂ ਕੋਲੋਂ 500 ਗ੍ਰਾਮ ਚਰਸ ਬਰਾਮਦ ਹੋਈ। ਜਿਸ ਤੇ ਬਲਵੀਰ ਸਿੰਘ ਉਰਫ ਬੀਰਾ ਅਤੇ ਪਵਨ ਕੁਮਾਰ ਪੁੱਤਰ ਹਰੀਸ਼ ਕੁਮਾਰ ਗ੍ਰਿਫਤਾਰ ਕਰਕੇ ਦੋਵੇਂ ਮੁਲਜਮਾਂ ਤੇ ਥਾਣਾ ਸਿਟੀ ਵਿਖ਼ੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ । **ਫੋਟੋ ਅਜਮੇਰ ਦੀਵਾਨਾ**

# ਲੱਖਾਂ ਦੇ ਦਾਤੇ ਦੇ ਦਰਬਾਰ ਪਿੰਡ ਔਜਲਾ ਵਿਖੇ ਕਰਵਾਇਆ ਗਿਆ ਸਲਾਨਾ ਜੋੜ ਮੇਲਾ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਦਰਬਾਰ ਦੇ ਮੁੱਖ ਸੇਵਾਦਾਰ ਗੱਦੀ ਨਸ਼ੀਨ ਬਾਬਾ ਜਸਵਿੰਦਰ ਸਿੰਘ ਜੀ ਨੇ ਦਸਿਆ ਕਿ ਹਰ ਸਾਲ ਦੀ ਤਰ੍ਹਾ ਇਸ ਸਾਲ ਵੀ ਬਾਬਾ ਲੱਖ ਦਾਤਾ ਜੀ ਦਾ ਮੇਲਾ ਇਸ ਸਾਲ ਵੀ ਬੜੀ ਧੂਮ ਧਾਮ ਨਾਲ ਕਰਵਾਇਆ ਗਿਆ । ਲੋਕਾਂ ਦੇ ਮਨੋਰੰਜਨ ਲਈ ਪੰਜਾਬ ਦੀਆ ਬਹੁਤ ਹੀ ਮਸ਼ਹੂਰ ਗਾਇਕ ਜੋੜੀਆਂ ਬੁਲਾਈਆਂ ਗਈਆਂ । ਜਿਹਨਾ ਦੇ ਵਿੱਚੋ ਮਸ਼ਹੂਰ ਗਾਇਕ ਜੋੜੀ ਅਮਰੀਕ ਮਾਈਕਲ ਤੇ ਸੁਨੈਨਾ ਨੰਦਾ ਅੰਮ੍ਰਿਤਸਰ, ਕੁਲਦੀਪ ਰਸੀਲਾ ਤੇ ਖੁਸ਼ਦੀਪ ਖੁਸ਼ੀ । ਬਹੁਤ ਖੂਬਸੂਰਤ ਤਰੀਕੇ ਨਾਲ ਬਾਬਾ ਜੀ ਦਾ ਗੁਣਗਾਨ ਕੀਤਾ ਤੇ





ਪੰਜਾਬੀ ਸਭਿਆਚਾਰ ਵਿੱਚ ਰਹਿ ਕੇ ਪਰਿਵਾਰਿਕ ਗੀਤਾਂ ਨਾਲ ਹਾਜ਼ਰੀ ਕੀਤੀ । ਲੋਕ ਬਹੁਤ ਖੁਸ਼ ਹੋਏ । ਦਰਬਾਰ ਤੇ ਠੰਡੇ ਮਿੱਠੇ ਜਲ ਦੀਆ ਸ਼ਬੀਲਾ ਲਗਾਈਆਂ ਗਈਆਂ ਤੇ ਬਾਬਾ ਜੀ ਦਾ ਅਟੁੱਟ ਲੰਗਰ ਵਰਤਾਇਆ ਗਿਆ । ਅਲੱਗ ਅਲੱਗ ਤਰ੍ਹਾ ਦੇ ਆਈਸਕ੍ਰੀਮ ਫਰੂਟ ਤੇ ਕੋਲਡ ਡਰਿੰਕ ਦੇ ਲੰਗਰ ਲਗਾਏ ਗਏ । ਸ਼ਾਮ ਦੇ ਸਮੇਂ ਪੰਜਾਬ ਦੇ ਬਹੁਤ ਹੀ ਮੰਨੇ ਤੰਨੇ ਪਹਿਲਵਾਨਾਂ ਨੇ ਛਿੰਝ ਵਿਚ ਖੂਬ ਰੰਗ ਬੰਨੇ ਜਿਵੇਂ ਕਿ ਪਹਿ-ਲਵਾਨ ਕਮਲ ਡੂਮਛੇੜੀ, ਅੰਮ੍ਰਿਤ ਬਾੜੋਵਾਲ, ਬੌਬੀ ਚਿੱਟੀ ਅਤੇ ਹੋਰ ਪਹਿਲਵਾਨ । ਮੇਲੇ ਵਿੱਚ ਪਿੰਡ ਦੀ ਨਗਰ ਪੰਚਾਇਤ ਤੇ ਸਾਧ ਸੰਗਤ ਦਾ ਬਹੁਤ ਸਹਿਯੋਗ ਰਿਹਾ । ਇਸ ਤੋ ਇਲਾਵਾ ਬਹੁਤ ਸਾਰੇ ਐਨ ਆਰ ਆਈ ਵੀਰਾਂ ਨੇ ਵੀ ਮੇਲੇ ਵਿੱਚ ਆਪਣਾ ਸਹਿਯੋਗ ਪਾਇਆ ।

# ਪੰਚਾਇਤ ਮਾਰਕੀਟ ਅੱਪਰਾ ਦੀਆਂ 'ਅਸੁਰੱਖਿਤ' ਦੁਕਾਨਾਂ 'ਤੇ ਚੱਲਿਆ 'ਪੀਲਾ ਪੰਜਾ'







**ਫਿਲੌਰ/ਅੱਪਰਾ (ਦੀਪਾ)**- ਸਥਾਨਕ ਦੁਰਗਾ ਮਾਤਾ ਮੰਦਿਰ ਦੇ ਸਾਹਮਣੇ ਪੁਰਾਣੇ ਬੱਸ ਅੱਡੇ 'ਚ ਲਗਭਗ 35-40 ਸਾਲ ਪਹਿਲਾਂ ਬਣੀ ਹੋਈ ਪੰਚਾਇਤ ਮਾਰਕੀਟ ਦੀਆਂ ਦੁਕਾਨਾਂ ਨੂੰ ਅੱਜ ਬੀ. ਡੀ. ਪੀ. ਓ ਫਿਲੌਰ, ਪੁਲਿਸ ਪ੍ਰਸ਼ਾਸ਼ਨ ਤੇ ਗ੍ਰਾਮ ਪੰਚਾਇਤ ਦੀ ਹਾਜ਼ਰੀ 'ਚ ਢਾਹ ਦਿੱਤਾ ਗਿਆ । ਇਸ ਮੌਕੇ ਕੁਝ ਦੁਕਾਨਦਾਰਾਂ ਵਲੋਂ ਵਿਰੋਧ ਵੀ ਕੀਤਾ ਗਿਆ, ਪਰੰਤੂ ਸਬ ਇੰਸਪੈਕਟਰ ਨਿਰਮਲ ਸਿੰਘ ਚੌਂਕੀ ਇੰਚਾਰਜ ਅੱਪਰਾ ਦੀ ਅਗਵਾਈ ਹੇਠ ਪੁਲਿਸ ਟੀਮ ਵਲੋਂ ਮਾਮਲੇ ਨੂੰ ਸ਼ਾਂਤ ਕਰਵਾ ਦਿੱਤਾ ਗਿਆ । ਇਸ ਸੰਬੰਧ 'ਚ ਜਾਣਕਾਰੀ ਦਿੰਦਿਆਂ ਬੀ. ਡੀ. ਪੀ. ਓ ਫਿਲੌਰ ਰਜਿੰਦਰ ਕੌਰ ਬਾਜਵਾ ਤੇ ਸਰਪੰਚ ਵਿਨੈ ਕੁਮਾਰ ਅੱਪਰਾ ਨੇ ਦੱਸਿਆ ਕਿ ਲਗਭਗ 35 ਸਾਲ ਪਹਿਲਾਂ ਇਸ ਮਾਰਕੀਟ ਦੀ ਉਸਾਰੀ ਉਸ ਸਮੇਂ ਦੀ ਪੰਚਾਇਤ ਦੁਆਰਾ ਦੁਆਰਾ ਕੀਤੀ ਗਈ ਸੀ, ਜਿਸ 'ਚ ਲਗਭਗ 36 ਦੁਕਾਨਾਂ ਹਨ । ਇਨਾਂ ਦੁਕਾਨਾਂ ਦੀ ਹਾਲਤ ਜਰਜਰ ਤੇ ਖਸਤਾ ਹਾਲਤ ਹੋ ਚੁੱਕੀ ਹੈ । ਸਰਪੰਚ ਵਿਨੈ ਕੁਮਾਰ ਨੇ ਅੱਗੇ ਦੱਸਿਆ ਕਿ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਫਿਲੌਰ ਦੇ ਮੀਮੋ ਨੰਬਰ 258 ਮਿਤੀ 10-06-2025 ਦੇ ਰਾਹੀਂ ਇਨਾਂ ਦੁਕਾਨਾਂ ਨੂੰ ਅਸੁਰੱਖਿਅਤ (ਅਨਸੇਫ) ਘੋਸ਼ਿਤ ਕੀਤਾ ਗਿਆ ਹੈ । ਇਸ ਸੰਬੰਧ 'ਚ ਮਿਤੀ 12-06-2025 ਨੂੰ ਦੁਕਾਨਦਾਰਾਂ ਨੂੰ ਇੱਕ ਹਫਤੇ ਦਾ ਨੋਟਿਸ ਵੀ ਦਿੱਤਾ ਗਿਆ ਸੀ । ਕੋਈ ਅਣਹੋਣੀ ਘਟਨਾ ਨਾ ਵਾਪਰੇ, ਇਸ ਲਈ ਇਨਾਂ ਦੁਕਾਨਾਂ ਨੂੰ ਢਾਹ ਕੇ ਨਵੀਂ ਮਾਰਕੀਟ ਦੀ ਉਸਾਰੀ ਕੀਤੀ ਜਾਵੇਗੀ । ਉਨਾਂ ਅੱਗੇ ਕਿਹਾ ਕਿ ਪੰਚਾਇਤ ਦਾ ਮਕਸਦ ਹਰ ਵਿਅਕਤੀ ਦੀ ਜਾਨ-ਮਾਲ ਦੀ ਰਾਖੀ ਕਰਨਾ ਹੈ । ਸਰਪੰਚ ਵਿਨੈ ਕੁਮਾਰ ਨੇ ਅੱਗੇ ਦੱਸਿਆ ਕਿ ਮਾਰਕੀਟ ਦੇ ਦੁਕਾਨਦਾਰਾਂ ਵੱਲ ਲੱਖਾਂ ਰੁਪਏ ਕਿਰਾਇਆ ਬਕਾਇਆ ਹੈ । ਵਾਰ ਵਾਰ ਨੋਟਿਸ ਭੇਜਣ ਦੇ ਬਾਵਜੂਦ ਵੀ ਕਿਰਾਇਆ ਜਮਾਂ ਨਹੀਂ ਕਰਵਾਇਆ ਗਿਆ । ਇਸ ਮੌਕੇ ਬੀ. ਡੀ. ਪੀ. ਓ.ਫਿਲੌਰ ਰਜਿੰਦਰ ਕੌਰ ਬਾਜਵਾ, ਸਬ ਇੰਸਪੈਕਟਰ ਨਿਰਮਲ ਸਿੰਘ ਚੌਂਕੀ ਇੰਚਾਰਜ ਅੱਪਰਾ, ਸੁਰਜੀਤ ਸਿੰਘ ਪੰਚਾਇਤ ਸੈਕਟਰੀ ਅੱਪਰਾ, ਕੁਲਦੀਪ ਜੌਹਲ, ਮੋਹਣ ਲਾਲ, ਮੁਕੇਸ਼ ਦਾਦਰਾ, ਹਰਜੀਤ ਸਿੱਧੂ, ਰੂਪ ਲਾਲ, ਹਰਬੰਸ ਲਾਲ, ਪਰਮਜੀਤ ਕਾਲਾ, ਸੁਭਾਸ਼, ਪਰਮਜੀਤ ਕੌਰ, ਸੀਮਾ ਰਾਣੀ, ਨੀਲਮ ਰਾਣੀ, ਕਾਜਲ ਅਰੋੜਾ, ਲਖਨਜੀਤ ਕੌਰ ਦਾਦਰਾ (ਸਾਰੇ ਪੰਚਾਇਤ ਮੈਂਬਰ) ਵੀ ਹਾਜ਼ਰ ਸਨ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਅੱਜ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਫਿਰੋਜ਼ਪੁਰ ਬਾਈਪਾਸ ਦੇ ਲਈ ਏਡੀਸੀ ਐਸਡੀਐਮ ਨਾਲ ਮੀਟਿੰਗ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੱਜ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ਿਲ੍ਹੇ ਦੇ ਆਗੂ ਗੁਰਮੇਲ ਸਿੰਘ ਫਤਿਹਵਾਲ, ਨਰਿੰਦਰ ਪਾਲ ਸਿੰਘ ਜਤਾਲਾ ਜੋਨ ਪ੍ਰਧਾਨ, ਗੁਰਮੇਲ ਸਿੰਘ ਜੀਆ ਬੱਗਾ, ਸਰਜੀਤ ਸਿੰਘ ਫੌਜੀ ਜੋ ਕਿ ਫਿਰੋਜ਼ਪੁਰ ਵਿੱਚ ਬਾਈਪਾਸ ਦੇ ਲਈ ਘੱਟ ਰੇਟ ਤੇ ਜਮੀਨ ਅਕੁਾਇਰ ਕਰਨ ਲਈ ਪ੍ਰਸ਼ਾਸਨ ਪੱਬਾਂ ਭਾਰ ਹੋਇਆ । ਇਸ ਲਈ ਏਡੀਸੀ ਨਾਲ ਮੀਟਿੰਗ ਕਰਕੇ ਉਹਨਾਂ ਨੂੰ ਚੇਤਾਵਨੀ ਦਿੱਤੀ ਕਿ ਅਸੀਂ ਘੱਟ ਰੇਟ ਨਾਲ ਜ਼ਮੀਨਾਂ ਨਹੀਂ ਦਿਆਂਗੇ ਜੋ ਇਸ ਵਿੱਚ 14 ਪਿੰਡ ਆ ਰਹੇ ਆ । ਜੋ ਫਿਰੋਜਪੁਰ ਦੇ ਨਾਲ ਲੱਗਦੇ ਕਮਰਸ਼ੀਅਲ ਏਰੀਏ ਦੇ ਪਿੰਡ ਨੇ, ਉਹਨਾਂ ਨੂੰ ਘੱਟ ਰੇਟ ਨਾਲ ਅਵਾਰਡ ਪਾਸ ਕੀਤਾ ਗਿਆ । ਉਹਦੇ ਲਈ ਡੀਸੀ ਸਾਹਿਬ ਨੂੰ ਮੰਗ ਪੱਤਰ ਵੀ ਦਿੱਤੇ । ਇਸ ਰੇਟ ਤੇ ਜ਼ਮੀਨ ਨਹੀਂ ਦਿਆਂਗੇ । ਮਾਰਕੀਟ ਨਾਲੋਂ ਚਾਰ ਗੁਣਾਂ ਰੇਟ ਨਾਲ ਯਾੜਾ ਪੱਤਾ ਦਿੱਤਾ ਜਾਵੇ ਤਾਂ ਇਸ ਲਈ ਅਸੀਂ ਸਹਿਮਤ ਹੋਵਾਂਗੇ ।

# ਗੁਰਪਤਵੰਤ ਸਿੰਘ ਪੰਨੂ ਦੀ ਗ੍ਰਿਫਤਾਰੀ ਦਾ ਇੰਤਜ਼ਾਰ ਰਹੇਗਾ – ਅੰਮ੍ਰਿਤਪਾਲ ਭੌਂਸਲੇ



**ਫਿਲੌਰ/ਗੁਰਾਇਆ/ਅੱਪਰਾ (ਦੀਪਾ)–** ਬਹੁਜਨ ਸਮਾਜ ਪੰਜਾਬ ਦੇ ਨੌਜਵਾਨ ਆਗੂ ਅੰਮ੍ਰਿਤਪਾਲ ਭੌਂਸਲੇ ਨੇ ਇਕ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਮਾਣਯੋਗ ਡੀਜੀਪੀ ਪੰਜਾਬ ਵਲੋਂ ਇਕ ਟਵੀਟ ਰਾਹੀਂ ਦੱਸਿਆ ਕਿ ਪਿੰਡ ਨੰਗਲ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਸਟੈਚੂ ਵਾਲੇ ਕੇਸ ਵਿੱਚ ਲੋੜੀਂਦਾ ਦੋਸ਼ੀ ਰੇਸ਼ਮ ਸਿੰਘ ਹਮੀਦੀ ਬਰਨਾਲਾ ਨੂੰ ਸਟੇਟ ਸਪੈਸ਼ਲ ਓਪਰੇਸ਼ਨ ਸੈੱਲ ਵਲੋਂ ਗਿਰਫ਼ਤਾਰ ਕੀਤਾ ਹੈ। ਅੰਮ੍ਰਿਤਪਾਲ ਭੌਂਸਲੇ ਫਿਲੌਰ ਨੇ ਕਿਹਾ ਕਿ ਸਾਨੂੰ ਫਿਲੌਰ ਦੇ ਪਿੰਡ ਨੰਗਲ ਵਿਖੇ 2 ਵਾਰ ਅਤੇ ਹੁਸ਼ਿਆਰਪੁਰ ਦੇ ਪਿੰਡ ਨੂਰਪੁਰ ਜੱਟਾਂ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਸਟੈਚੂ ਦਾ ਅਪਮਾਨ ਕਰਵਾਉਣ ਵਾਲੇ ਦੇਸ਼ ਵਿਰੋਧੀ ਸਿੱਖ ਫ਼ਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਦੀ ਗ੍ਰਿਫਤਾਰੀ ਦਾ ਇੰਤਜ਼ਾਰ ਰਹੇਗਾ। ਜਦ ਕਿ ਪੰਨੂ ਦੀ ਗ੍ਰਿਫਤਾਰੀ ਨਹੀਂ ਹੁੰਦੀ ਅਤੇ ਉਸ ਨੂੰ ਭਾਰਤ ਨਹੀਂ ਲਿਆਂਦਾ ਉਦੋਂ ਅੰਬੇਡਕਰ ਨਾਮਲੇਵਾ ਸੰਗਤਾਂ ਦੇ ਤਪਦੇ ਹਿਰਦੇ ਨਹੀਂ ਠਰਨਗੇ। ਉਨ੍ਹਾਂ ਅੱਗੇ ਕਿਹਾ ਕਿ ਇਹ ਪੂਰੇ ਦੇਸ਼ ਅਤੇ ਭਾਰਤ ਦੇ ਸੰਵਿਧਾਨ ਦਾ ਨਿਰਾਦਰ ਹੋਇਆ ਹੈ ਅਸੀਂ ਇਸ ਦੇ ਖ਼ਿਲਾਫ਼ ਪੂਰੇ ਪੰਜਾਬ ਅੰਦਰ ਲਾਮਬੰਦੀ ਕਰਕੇ ਅੰਦੋਲਨ ਵਿੱਢਾਂਗੇ ਅਤੇ ਸਮਾਜ ਨੂੰ ਇਕ ਮੰਚ ਤੇ ਇਕੱਠਾ ਕਰਕੇ ਵੱਡੇ ਸੰਘਰਸ਼ ਦੀ ਤਿਆਰੀ ਕਰਾਂਗੇ। ਉਨ੍ਹਾਂ ਕਿਹਾ ਕਿ ਸਾਡੇ ਲਈ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਸਨਮਾਨ ਸਰਵ ਉੱਚ ਹੈ ਅਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਜਨ-ਜਨ ਤੱਕ ਪਹੁੰਚਾਉਣਾ ਸਾਡਾ ਪਹਿਲਾ ਨਿਸ਼ਾਨਾ ਹੈ। ਉਨ੍ਹਾਂ ਕਿਹਾ ਕਿ ਅਸੀਂ ਉੱਚ ਅਧਿਕਾਰੀਆਂ ਨੂੰ ਮਿਲਕੇ ਪੰਨੂ ਦੀ ਭਾਰਤ ਵਾਪਸੀ ਲਈ ਗੱਲਬਾਤ ਕਰਾਂਗੇ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿਖੇ ਇਸਤ੍ਰੀ ਸਤਿਸੰਗ ਸਭਾ ਦਾ ਸਨਮਾਨ ਸਮਾਰੋਹ : ਕੁਲਵਿੰਦਰ ਸਿੰਘ ਬੈਨੀਪਾਲ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਦੁੱਗਰੀ, ਫੇਸ-1 ਵਿਖੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਇਸਤ੍ਰੀ ਸਤਿਸੰਗ ਸਭਾ ਦੇ ਨਿੱਘੇ ਸਹਿਯੋਗ ਸਦਕਾ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪਾਠ ਅਤੇ ਕੀਰਤਨ ਦੀ ਲੜੀ ਜੋ ਚਲਾਈ ਜਾ ਰਹੀ ਸੀ ਉਸ ਵਿੱਚ ਸੰਗਤਾਂ ਵੱਲੋਂ ਮਿਲੇ ਭਰਪੂਰ ਹੁੰਗਾਰੇ ਨੂੰ ਦੇਖਦਿਆਂ ਹੋਇਆਂ ਕਮੇਟੀ ਅਤੇ ਇਸਤ੍ਰੀ ਸਤਿਸੰਗ ਸਭਾ ਨੇ ਸਾਰੀਆਂ ਉਹ ਬੀਬੀਆਂ ਨੂੰ ਸਨਮਾਨਿਤ ਕੀਤਾ ਜਿਨ੍ਹਾਂ ਨੇ ਪੂਰੀ ਲੜੀ ਵਿੱਚ ਹਿੱਸਾ ਲਿਆ ਸੀ। ਅੱਜ ਅੰਮ੍ਰਿਤ ਵੇਲੇ ਤੋਂ ਗੁਰਬਾਣੀ ਦਾ ਪ੍ਰਵਾਹ ਆਰੰਭ ਹੋਇਆ ਜਿਸ ਵਿੱਚ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ ਦੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਆਸਾ ਜੀ ਦੀ ਵਾਰ ਦਾ ਕੀਰਤਨ ਸ੍ਰਵਨ ਕਰਵਾਇਆ। ਸੁਖਮਨੀ ਸਾਹਿਬ ਅਤੇ ਨਿੱਤਨੇਮ ਦੇ ਪਾਠ ਸੰਗਤੀ ਰੂਪ ਵਿੱਚ ਕੀਤੇ ਗਏ। ਬਾਅਦ ਵਿੱਚ ਗਿਆਨੀ ਹਰਪ੍ਰੀਤ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨਾਲ ਗੁਰ ਇਤਿਹਾਸ ਦੀ ਸਾਂਝ ਪਾਈ। 11 ਵਜੇ ਇਸਤ੍ਰੀ ਸਤਿਸੰਗ ਸਭਾ ਦਾ ਹਫ਼ਤਾਵਾਰੀ ਬੁੱਧਵਾਰ ਦਾ ਸਮਾਗਮ ਆਰੰਭ ਕੀਤਾ ਜਿਸ ਵਿੱਚ ਬੀਬੀਆਂ ਨੇ ਸੁਖਮਨੀ ਸਾਹਿਬ, ਚੌਪਈ ਸਾਹਿਬ, ਦੇ ਪਾਠ ਕੀਤੇ ਅਤੇ ਸੰਗਤਾਂ ਨੂੰ ਇਲਾਹੀ ਗੁਰਬਾਣੀ ਦੇ ਕੀਰਤਨ ਸ੍ਰਵਨ ਕਰਵਾਏ । ਇਸਤ੍ਰੀ ਸਤਿਸੰਗ ਸਭਾ ਦੀ ਪੰਜ ਮੈਂਬਰੀ ਕਮੇਟੀ ਦੀਆਂ ਬੀਬੀਆਂ ਬੀਬੀ ਮਨਜੀਤ ਕੌਰ, ਦਵਿੰਦਰ ਕੌਰ, ਬਲਵਿੰਦਰ ਕੌਰ ਬੱਤਰਾ, ਕੁਲਜੀਤ ਕੌਰ, ਸਿਮਰਨ ਕੌਰ ਅਤੇ ਕਰਮਜੀਤ ਕੌਰ ਬੈਨੀਪਾਲ ਨੇ ਸਾਰੀਆ ਬੀਬੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਸਾਰੀਆਂ ਆਈਆਂ ਹੋਈਆਂ ਬੀਬੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਤੁਸੀ ਸਾਰੇ ਵਧਾਈ ਦੇ ਪਾਤਰ ਹੋ ਜਿਨ੍ਹਾਂ ਨੇ 40 ਦਿਨਾਂ ਦੀ ਲੜੀ ਵਿੱਚ ਹਿੱਸਾ ਲੈ ਕੇ ਆਪਣਾ ਜੀਵਨ ਸਫਲਾ ਕੀਤਾ ਅਤੇ ਅੱਗੇ ਤੋਂ ਵੀ ਤੁਸੀ ਇਸੇ ਤਰ੍ਹਾਂ ਸਾਨੂੰ ਸਹਿਯੋਗ ਦੇਂਦੇ ਰਹੋਗੇ। ਸਮਾਗਮ ਵਿੱਚ ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਚੇਅਰਮੈਨ ਬਲਜੀਤ ਸਿੰਘ ਸੇਠੀ, ਕਰਤਾਰ ਸਿੰਘ ਬਰਾੜ, ਪਰਮਿੰਦਰ ਸਿੰਘ, ਗੁਰਦੀਪ ਸਿੰਘ ਕਾਲੜਾ, ਸਰਬਜੀਤ ਸਿੰਘ ਚਗਰ, ਜਗਮੋਹਨ ਸਿੰਘ, ਬੀਬੀ ਦਵਿੰਦਰ ਕੌਰ, ਮਨਜੀਤ ਕੌਰ, ਸਿਮਰਨਜੀਤ ਕੌਰ, ਬਲਵਿੰਦਰ ਕੌਰ ਬੱਤਰਾ, ਕੁਲਜੀਤ ਕੌਰ ਰਵਿੰਦਰ ਕੌਰ ਰਹੇਜਾ, ਰਾਜਨੀਇੰਦਰ ਕੌਰ, ਗੁਰਪ੍ਰੀਤ ਕੌਰ ਖੁਰਾਣਾ, ਜਸਵਿੰਦਰ ਕੌਰ ਪਾਇਲ, ਨਿਰਮਲ ਕੌਰ ਪਾਇਲ, ਸੁਰਿੰਦਰ ਕੌਰ ਬਾਂਸਲ, ਹਰਜੀਤ ਕੌਰ ਅਤੇ ਮਾਤਾ ਗੁਰਦੇਵ ਕੌਰ ਹਾਜ਼ਰ ਸਨ ।

# ਯੂਨਾਈਟਿਡ ਕਬੱਡੀ ਐਸੋਸੀਏਸ਼ਨ ਮਲੇਸ਼ੀਆ ਦੇ ਬੈਨਰ ਹੇਠ ਸ਼ੇਰ- ਏ - ਪੰਜਾਬ ਕਬੱਡੀ ਕਲੱਬ 10 ਵਾਂ ਕਬੱਡੀ ਕੱਪ

**ਮਲੇਸ਼ੀਆ (ਹਰਜਿੰਦਰ ਪਾਲ ਛਾਬੜਾ )** ਬੜੀ ਖੁਸ਼ੀ ਨਾਲ ਦਸਿਆ ਜਾ ਰਿਹਾ ਹੈ ਕਿ ਮਿਤੀ 22 ਜੂਨ 2025 ਦਿਨ ਐਤਵਾਰ ਨੂੰ ਯੂਨਾਈਟਿਡ ਐਸੋਸੀਏਸ਼ਨ ਮਲੇਸ਼ੀਆ ਦੇ ਬੈਨਰ ਹੇਠ ਸ਼ੇਰ ਏ ਪੰਜਾਬ ਕਬੱਡੀ ਕਲੱਬ ਦਾ 10 ਵਾਂ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ । ਕਬੱਡੀ ਕੱਪ ਵਿੱਚ ਮਸ਼ਹੂਰ ਕਬੱਡੀ ਖਿਡਾਰੀ ਆਪਣੇ ਆਪਣੇ ਬਲ ਦਾ ਪ੍ਰਦਰਸ਼ਨ ਕਰਨਗੇ । ਜਿਸ ਵਿੱਚ ਜੇਤੂ ਖਿਡਾਰੀ ਨੂੰ ਇਨਾਮ ਦਿੱਤੇ ਜਾਣਗੇ । ਪਹਿਲਾ ਸਥਾਨ ਹਾਂਸਲ ਕਰਨ ਵਾਲੇ ਨੂੰ 2100 ਦੂਜਾ ਸਥਾਨ ਹਾਂਸਲ ਕਰਨ ਵਾਲੇ ਨੂੰ 1700 ਤੇ ਬੈਸਟ ਪ੍ਰਾਈਜ਼ ਵਜੋ 300



ਰੂਪਏ ਨਕਦ ਦਿੱਤੇ ਜਾਣਗੇ। ਇਸ ਪੂਰੇ ਕਬੱਡੀ ਕੱਪ ਦਾ ਆਯੋਜਨ ਪ੍ਰੀਤ ਖੰਡੇਵਾਲਾ ਚੇਅਰਮੈਨ 5911 ਕੱਬਡੀ ਪ੍ਰਮੋਟਰ , ਬੱਚੀ ਗੱਜਣਵਾਲਾ ਪ੍ਰਧਾਨ, ਬਿੱਟੂ ਸਿੰਘ ਬਠਿੰਡਾ ਵਾਈਸ ਚੇਅਰਮੈਨ , ਚੰਦ ਗਿੱਲ ਸਿਆਲਕੋਟੀ ਵਾਈਸ ਪ੍ਰਧਾਨ, ਨਿਸ਼ਾਨ ਸਿੰਘ ਖ਼ਜ਼ਾਨਚੀ, ਵਸੀਰ ਗੁੱਜਰ ਜੋਇੰਟ ਸੈਕਰੇਟਰੀ, ਚਮਕੌਰ ਲੋਪੋਂ ਜਨਰਲ ਸੈਕਰੇਟਰੀ, ਜੱਸਾ ਸਿੱਧੂ , ਹੈਪੀ ਨੱਥੋਵਾਲ, ਹੈਪੀ ਸੁਬੰਗ ਜਯਾ , ਲੱਕੀ ਬਾਜਵਾ , ਸ਼ੇਰਾ ਗੁਰਦਾਸਪੁਰੀਆ , ਅੰਗਰੇਜ਼ ਸਿੰਘ , ਪੰਮਾ , ਹਿਨੋ ਗਿੱਲ ਪੀ ਜੇ ਅਤੇ ਹੋਰ ਐਨ ਆਈ ਆਈ ਵੀਰ ।

# ਵੋਟਰਾਂ ਨੂੰ ਲੁਭਾਵਣੇ ਤੋਹਫੇ ਵੰਡ ਕੇ ਵਿਰੋਧੀ ਲੋਕਤੰਤਰ ਦਾ ਕਰ ਰਹੇ ਘਾਣ- ਐਡਵੋਕੇਟ ਘੁੰਮਣ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)-** ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੇ ਹਲਕਾ ਪੱਛਮੀ ਦੀ ਉੱਪ ਚੋਣ ਨੂੰ ਲੈ ਕੇ ਗੰਭੀਰ ਚਿੰਤਾ ਜਤਾਈ ਹੈ। ਉਨ੍ਹਾਂ ਦੋਸ਼ ਲਾਏ ਕਿ ਵੋਟਰਾਂ ਨੂੰ ਲੁਭਾਉਣ ਲਈ ਵਿਰੋਧੀ ਪਾਰਟੀਆਂ ਵੱਲੋਂ ਤੋਹਫੇ ਵੰਡ ਕੇ ਲੋਕਤੰਤਰ ਦੀ ਸਾਫ਼ ਤੌਰ 'ਤੇ ਉਲੰਘਣਾ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ "ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਸੂਬਾ ਸਰਕਾਰ ਦੀਆਂ ਹਦਾਇਤਾਂ ਅਧੀਨ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਅਤੇ ਵੋਟਰਾਂ ਨੂੰ ਡਰਾਇਆ ਅਤੇ ਧਮਕਾਇਆ ਜਾ ਰਿਹਾ ਹੈ, ਜੋ ਕਿ ਗੰਭੀਰ ਲੋਕਤੰਤਰਕ ਨਿਯਮਾਂ ਦੀ ਉਲੰਘਣਾ ਹੈ । ਐਡਵੋਕੇਟ ਘੁੰਮਣ ਨੇ ਹਲਕਾ ਪੱਛਮੀ ਦੇ ਵੋਟਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਡਰਨ ਦੀ ਬਜਾਏ ਹੌਂਸਲੇ ਨਾਲ ਆਪਣਾ ਮਤਦਾਨ ਕਰਕੇ ਲੋਕਤੰਤਰ ਨੂੰ ਮਜ਼ਬੂਤ ਕਰਨ। ਉਨ੍ਹਾਂ ਇਹ ਵੀ ਕਿਹਾ ਕਿ ਸੋਸ਼ਲ ਮੀਡੀਆ 'ਤੇ ਚੱਲ ਰਹੇ ਝੂਠੇ ਅਤੇ ਭ੍ਰਮਕ ਚੋਣ ਸਰਵੇਖਣ ਤੋਂ ਸੁਚੇਤ ਰਹਿਣ ਅਤੇ ਆਪਣੇ ਦ੍ਰਿੜ੍ਹ ਇਰਾਦੇ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਚੋਣ ਨਿਸ਼ਾਨ ਤੱਕੜੀ ਦਾ ਬਟਨ ਦਬਾਉਣ । ਐਡਵੋਕੇਟ ਘੁੰਮਣ ਨੇ ਭਰੋਸਾ ਜਤਾਇਆ ਕਿ ਹਲਕਾ ਪੱਛਮੀ ਦੇ ਵੋਟਰ ਸਚਾਈ ਅਤੇ ਨਿਆਂ ਦੇ ਹੱਕ 'ਚ ਫੈਸਲਾ ਕਰਨਗੇ ।



ਸ਼੍ਰੋਅਦ ਦੇ ਉਮੀਦਵਾਰ ਐਡਵੋਕੇਟ ਪ੍ਰਉਪਕਾਰ ਸਿੰਘ ਘੁੰਮਣ।

# ਪਿੰਡ ਹੀਉ ਵਿਖੇ ਸਲਾਨਾ ਜੋੜ ਮੇਲੇ ਤੇ ਮਿਸ਼ਨਰੀ ਕਲਾਕਾਰ ਨੇ ਖੂਬ ਰੰਗ ਬੰਨ੍ਹਿਆ





**ਬੰਗਾ( ਚਰਨਜੀਤ ਸੱਲ੍ਹਾਂ )** ਪਿੰਡ ਹੀਉਂ ਵਿਖੇ ਸਲਾਨਾ ਜੋੜ ਮੇਲੇ ਤੇ ਮਿਸ਼ਨਰੀ ਕਲਾਕਾਰ ਨੇ ਖੂਬ ਰੰਗ ਬੰਨ੍ਹਿਆ ਉਨ੍ਹਾਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਅਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਮਿਸ਼ਨ ਸੁਣਾਕੇ ਸੰਗਤਾਂ ਪਾਸੋਂ ਵਾਹ ਵਾਹ ਖੱਟੀ। ਸੰਤ ਚੰਨਣ ਰਾਮ ਵੈਦ ਜੀ ਅਤੇ ਸੰਤ ਭਜਨ ਰਾਮ ਵੈਦ ਜੀ ਦੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਸਮਰਪਿਤ ਮੇਲਾਂ ਸ਼ੁਰੂ ਕੀਤਾ ਗਿਆ ਹੈ ਅਤੇ ਹੁਣ ਉਨ੍ਹਾਂ ਦੇ ਸਪੁੱਤਰ ਗਾਇਕ ਕ੍ਰਿਸ਼ਨ ਹੀਓ ਜੀ ਪਰੰਪਰਾ ਨੂੰ ਅੱਗੇ ਤੋਰ ਰਹੇ ਹਨ। ਮਿਸ਼ਨਰੀ ਕਲਾਕਾਰ ਵਿੱਚ ਹਰਨਾਮ ਸਿੰਘ ਬਹਿਲਪੁਰੀ, ਦਵਿੰਦਰ ਬੀਸਲਾ ਅਤੇ ਦਵਿੰਦਰ ਰੂਹੀ ਜੀ ਨੇ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਮਿਸ਼ਨ ਗਾਇਆ। ਗਾਇਕ ਦਵਿੰਦਰ ਰੂਹੀ ਦੇ ਕਹਿਣ ਤੇ ਕ੍ਰਿਸ਼ਨ ਹੀਓ ਜੀ ਨੇ ਗੁਰੂ ਰਵਿਦਾਸ ਮਹਾਰਾਜ ਜੀ ਦਾ ਮਿਸ਼ਨਰੀ ਗੀਤ ਗਾਇਆ ਸੰਗਤ ਨੇ ਉਨ੍ਹਾਂ ਦੇ ਗੀਤ ਨੂੰ ਬਹੁਤ ਪਸੰਦ ਕੀਤਾ ਅਤੇ ਪੈਸਿਆਂ ਦਾ ਮੀਂਹ ਵਰ੍ਹਾ ਦਿੱਤਾ। ਇਸ ਮੌਕੇ ਤੇ ਮੋਹਨ ਜਲੰਧਰੀ, ਰੂਬੀ ਅੰਮ੍ਰਿਤਸਰ,ਪਿਆਰਾ ਰਾਮ ਸਰਪੰਚ, ਗੁਰਦੀਪ ਦੀਪਾਂ ਸਾਬਕਾ ਪੰਚ, ਡਾ ਰਾਮ ਲਾਲ, ਅਵਤਾਰ ਹੀਓ, ਗਿਆਨੀ ਓਂਕਾਰ ਸਿੰਘ ਸਾਹਲੋਂ, ਸੁਰਿੰਦਰ ਕਰਨਾਣਾ,ਡਾ ਜੱਸੀ, ਦੀਪਕ ਕੁਮਾਰ ਬਾਹੜੋਵਾਲ, ਬਲਵੀਰ ਰੱਤੂ ਅਤੇ ਹੋਰ ਸੰਗਤਾਂ ਕਾਫੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਸਟੇਜ ਸੈਕਟਰੀ ਦੀ ਭੂਮਿਕਾ ਸੰਦੀਪ ਫਗਵਾੜਾ ਨੇ ਬਹੁਤ ਹੀ ਵਧੀਆ ਢੰਗ ਨਾਲ ਨਿਭਾਈ।



# ਮੁਫ਼ਤ ਮੈਡੀਕਲ ਕੈਂਪ ਸਲਾਨਾ ਜੋੜ ਮੇਲੇ ਤੇ ਪਿੰਡ ਸੱਲ੍ਹ ਖੁਰਦ ਕਲਾਂ ਵਿਖੇ 20 ਜੂਨ ਲਗਾਇਆ ਜਾਵੇਗਾ




**ਬੰਗਾ ( ਚਰਨਜੀਤ ਸੱਲ੍ਹਾਂ )** ਬਾਬਾ ਪਲਾਹ ਵਾਲਾ ਜੀ ਦੇ ਦਰਬਾਰ ਤੇ ਸਲਾਨਾ ਜੋੜ ਮੇਲੇ ਤੇ ਪਿੰਡ ਸੱਲ੍ਹ ਖੁਰਦ ਕਲਾਂ ਵਿਖੇ ਰੋਟਰੀ ਕਲੱਬ ਬੰਗਾ ਗਰੀਨ ਅਤੇ ਰਾਜਾ ਹਸਪਤਾਲ ਨਵਾਂਸ਼ਹਿਰ ਦੇ ਸਹਿਯੋਗ ਨਾਲ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾਵੇਗਾ ਮਿਤੀ 20 ਜੂਨ 2025 ਦਿਨ ਸ਼ੁੱਕਰਵਾਰ ਸਮਾਂ ਦੁਪਹਿਰ 1.30 ਵਜੇ ਸ਼ਾਮ ਦੇ 6.00 ਤੱਕ ਲਗਾਇਆ ਜਾਵੇਗਾ। ਨੋਟ ਇਸ ਕੈਂਪ ਵਿੱਚ ਈ ਸੀ ਜੀ, ਬਲੱਡ ਸ਼ੂਗਰ ਟੈਸਟ ਅਤੇ ਦੁਵਾਈਆ ਮੁਫ਼ਤ ਦਿੱਤੀਆਂ ਜਾਣਗੀਆਂ। ਇਸ ਕੈਂਪ ਵਿੱਚ ਆਏ ਮਰੀਜ਼ਾਂ ਨੂੰ ਬਾਕੀ ਟੈਸਟਾਂ ਵਿੱਚ 25% ਛੋਟ ਦਿੱਤੀ ਜਾਵੇਗੀ। ਵਿਸ਼ੇਸ਼ ਸਹਿਯੋਗ ਸ਼ਮਿੰਦਰ ਸਿੰਘ ਗਰਚਾ , ਬਾਬਾ ਪਲਾਹ ਵਾਲਾ ਜੀ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀ।

# ਪੰਜਾਬੀ ਸਾਹਿਤ ਸਭਾ ਬੈਡਫੋਰਡ (ਯੂ.ਕੇ) ਵੱਲੋਂ 21 ਜੂਨ ਨੂੰ ਕਰਵਾਈ ਜਾਵੇਗੀ ਸੰਗੀਤਕ ਮਹਿਫ਼ਿਲ

## ਗਾਇਕ ਧਰਮਿੰਦਰ ਮਸਾਣੀ ਪੇਸ਼ ਕਰਨਗੇ ਆਪਣੇ ਕਲਾਮ

**ਬੈਡਫੋਰਡ (ਯੂ.ਕੇ)/** ਫਿਲੌਰ/ਅੱਪਰਾ-ਪੰਜਾਬੀ ਸਾਹਿਤ ਸਭਾ ਬੈਡਫੋਰਡ (ਯੂ.ਕੇ) ਵੱਲੋਂ ਜਾਣਕਾਰੀ ਸਾਂਝੀ ਕਰਦਿਆਂ ਹਰਦੀਪ ਸਿੰਘ (ਸੋਢੀ ਮੰਡੇਰ) ਨੇ ਦੱਸਿਆ ਗਿਆ ਕਿ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਾਬੀ ਸਾਹਿਤ ਅਤੇ ਮਾਂ ਬੋਲੀ ਪੰਜਾਬੀ ਨੂੰ ਪ੍ਰਮੋਟ ਕਰਨ ਦੇ ਲਈ ਇੱਕ ਸੰਗੀਤਕ ਮਹਿਫ਼ਿਲ ਮਿਤੀ 21 ਜੂਨ ਸ਼ਾਮ 6 ਵਜੇ ਤੋਂ 10 ਵਜੇ ਤੱਕ ਕਰਵਾਈ ਜਾ ਰਹੀ ਹੈ, ਜਿਸ ਵਿੱਚ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਤੋਂ ਦਰਸ਼ਕ ਹਾਜ਼ਰੀ ਭਰਨਗੇ । ਇਹ ਸੰਗੀਤਕ ਮਹਿਫ਼ਿਲ ਕੁਈਨਸ ਪਾਰਕ ਕਮਿਊਨਿਟੀ ਸੈਂਟਰ 52 ਮਾਰਲਬਰੋ ਰੋਡ ਬੈਡਫੋਰਡ ਐੱਮ. ਕੇ 40 4 ਐੱਲ.ਈ ਵਿਖੇ ਕਰਾਈ ਜਾ ਰਹੀ ਹੈ । ਇਸ ਪ੍ਰੋਗਰਾਮ ਦੇ ਵਿੱਚ ਸਰੋਤਿਆਂ ਦੇ ਨਾਲ ਗੀਤਕਾਰ ਸੰਗੀਤਕਾਰ ਤੇ ਬਹੁਤ ਸਾਰੇ ਪਤਵੰਤੇ ਸੱਜਣ ਹਾਜਰੀ ਲਵਾਉਣਗੇ । ਇਸ ਸਮਾਗਮ 'ਚ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰ ਰਹੇ ਲੋਕ ਗਾਇਕ ਧਰਮਿੰਦਰ ਮਸਾਣੀ ਵੀ ਆਪਣੇ ਕਲਾਮ ਪੇਸ਼ ਕਰਨਗੇ । ਸੋਢੀ ਮੰਡੇਰ ਜੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੰਜਾਬੀ ਸਾਹਿਤ ਸਭਾ ਬੈਡਫੋਰਡ ਯੂ. ਕੇ ਸਮੇਂ ਸਮੇਂ ਤੇ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸਾਹਿਤ ਨੂੰ ਸਮਰਪਿਤ ਪ੍ਰੋਗਰਾਮ ਕਰਵਾਉਂਦੀ ਰਹੇਗੀ ਤਾਂ ਜੋ ਕਿ ਸਾਡੇ ਬੱਚਿਆਂ ਅਤੇ ਆਉਣ ਵਾਲੀ ਪੀੜ੍ਹੀ ਨੂੰ ਪੰਜਾਬੀ ਮਾਂ ਬੋਲੀ ਤੇ ਹਮੇਸ਼ਾ ਮਾਣ ਹੋਵੇ ਤੇ ਸਾਡੇ ਬੱਚਿਆਂ ਨੂੰ ਆਪਣੇ ਮਹਾਨ ਸੱਭਿਆਚਾਰ ਬਾਰੇ ਜਾਣਕਾਰੀ ਹੋਵੇ । ਪ੍ਰੋਗਰਾਮ ਬਾਰੇ ਦੱਸਦਿਆਂ ਸਭਾ ਵੱਲੋਂ ਹਰਦੀਪ ਸਿੰਘ (ਸੋਢੀ ਮੰਡੇਰ) ਰਮਨਦੀਪ ਕੌਰ, ਤਰਨਦੀਪ ਸਿੰਘ, ਨੀਸ਼ ਪਰਵਾਨਾ, ਪ੍ਰਿੰਸ ਸਿੰਘ, ਮੱਖਣ ਸਿੰਘ ਢਿੱਲੋ, ਅਤੇ ਬਲਜੀਤ ਸਿੰਘ ਹਾਜ਼ਰ ਸਨ ।



# ਡੀ.ਏ.ਵੀ. ਬੀ.ਐਡ. ਕਾਲਜ ਵਿੱਚ ਵਿਦਾਇਗੀ ਸਮਾਰੋਹ ਧੂਮਧਾਮ ਨਾਲ ਕਰਵਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡੀ.ਏ.ਵੀ. ਡੀ.ਏ.ਵੀ. ਇਹ ਸੰਸਥਾ ਕਾਲਜ ਪ੍ਰਬੰਧਕ ਕਮੇਟੀ ਦੇ ਮੁਖੀ ਡਾ. ਅਨੂਪ ਕੁਮਾਰ ਅਤੇ ਸ਼੍ਰੀ ਆਰ.ਐਮ. ਦੀ ਅਗਵਾਈ ਹੇਠ ਚੱਲ ਰਹੀ ਹੈ। ਭੱਲਾ, ਸਕੱਤਰ। ਐਮ.ਐੱਡ. ਕਾਲਜ ਆਫ਼ ਐਜੂਕੇਸ਼ਨ, ਹੁਸ਼ਿਆਰਪੁਰ ਵਿੱਚ ਅਤੇ ਬੀ.ਐੱਡ. ਸਮੈਸਟਰ-2 ਐਮ.ਐੱਡ. ਵੱਲੋਂ। ਅਤੇ ਬੀ.ਐੱਡ. ਸਮੈਸਟਰ-4 (2023-2025) ਦੇ ਵਿਦਿਆਰਥੀਆਂ ਦੇ ਸਨਮਾਨ ਵਿੱਚ ਇੱਕ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਰੋਹ ਦੀ ਸ਼ੁਰੂਆਤ ਵਿਦਿਆਰਥੀਆਂ ਦੁਆਰਾ ਗਾਇਤਰੀ ਮੰਤਰ ਦੇ ਜਾਪ ਨਾਲ ਹੋਈ। ਇਸ ਮੌਕੇ ਵਿਦਿਆਰਥੀਆਂ ਨੇ ਰੰਗਾ-ਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਜਿਸ ਵਿੱਚ ਵਿਦਿਆਰਥੀਆਂ ਨੇ ਪੰਜਾਬੀ ਗੀਤਾਂ 'ਤੇ ਨੱਚ ਕੇ ਸਾਰਿਆਂ ਦਾ ਮਨੋਰੰਜਨ ਕੀਤਾ। ਸਮੈਸਟਰ-4 ਦੇ ਵਿਦਿਆਰਥੀਆਂ ਨੇ ਕਾਲਜ ਵਿੱਚ ਬਿਤਾਏ ਸੁਨਹਿਰੀ ਦਿਨਾਂ ਦੀਆਂ ਆਪਣੀਆਂ ਯਾਦਾਂ ਅਤੇ ਪੜ੍ਹਾਈ ਨਾਲ ਸਬੰਧਤ ਆਪਣੇ ਅਨੁਭਵ ਸਾਂਝੇ ਕੀਤੇ। ਉਨ੍ਹਾਂ ਨੇ ਪਿਛਲੇ ਦੋ ਸਾਲਾਂ ਦੌਰਾਨ ਆਪਣੇ ਅੰਦਰੂਨੀ ਅਤੇ ਬਾਹਰੀ ਵਿਕਾਸ ਵਿੱਚ ਆਏ ਸਕਾਰ-ਾਤਮਕ ਬਦਲਾਵਾਂ ਬਾਰੇ ਵੀ ਗੱਲ ਕੀਤੀ। ਉਨ੍ਹਾਂ ਨੇ ਪੜ੍ਹਾਈ ਦੇ ਨਾਲ-ਨਾਲ ਵੱਖ-ਵੱਖ ਗਤੀਵਿਧੀਆਂ ਵਿੱਚ



ਉਨ੍ਹਾਂ ਦਾ ਮਾਰਗਦਰਸ਼ਨ ਅਤੇ ਸਮਰਥਨ ਕਰਨ ਲਈ ਅਧਿਆਪਕਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਕਰਵਾਏ ਗਏ ਮੁਕਾ-ਬਲੇ ਵਿੱਚ ਕਰਨ ਨੂੰ ਮਿਸਟਰ ਫੇਅਰਵੈੱਲ ਅਤੇ ਰਿਤਿਕਾ ਨੂੰ ਮਿਸ ਫੇਅਰਵੈੱਲ ਐਲਾਨਿਆ ਗਿਆ। ਇਸ ਤੋਂ ਇਲਾਵਾ, ਮੁੰਡਿਆਂ ਵਿੱਚੋਂ, ਹਰਪ੍ਰੀਤ ਨੂੰ ਵਧੀਆ ਕੱਪੜੇ ਪਹਿਨੇ ਅਤੇ ਜਸਦੀਪ ਅਤੇ ਸੰਜੇ ਨੂੰ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲਾ ਐਲਾਨਿਆ ਗਿਆ ਅਤੇ ਕੁੜੀਆਂ ਵਿੱਚੋਂ, ਸਿਮਰਨ ਨੂੰ ਵਧੀਆ ਕੱਪੜੇ ਪਹਿਨੇ ਅਤੇ ਅਮਨ ਨੂੰ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲਾ ਐਲਾਨਿਆ ਗਿਆ।

ਕਾਲਜ ਪ੍ਰਬੰਧਕ ਕਮੇਟੀ ਦੇ ਮੁਖੀ ਡਾ. ਅਨੂਪ ਕੁਮਾਰ ਅਤੇ ਸਕੱਤਰ ਸ੍ਰੀ ਆਰ.ਐਮ. ਭੱਲਾ ਨੇ ਐਮ.ਐੱਡ. ਕੀਤੀ। ਅਤੇ ਬੀ.ਐੱਡ. ਸਮੈਸਟਰ-4 ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਕਾਲਜ ਪ੍ਰਿੰਸੀਪਲ ਡਾ. ਵਿਧੀ ਭੱਲਾ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਦੋ ਸਾਲਾ ਐਮ.ਐੱਡ. ਲਈ ਸ਼ੁਭਕਾਮਨਾਵਾਂ ਦਿੱਤੀਆਂ। ਅਤੇ ਬੀ.ਐੱਡ. ਉਨ੍ਹਾਂ ਨੇ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਦੇ ਵੇਰਵੇ ਕਾਲਕ੍ਰਮ ਅਨੁਸਾਰ ਦਿੱਤੇ, ਕਿ ਭਾਵੇਂ ਇਹ ਯੁਵਾ ਮੇਲਾ ਹੋਵੇ ਜਾਂ ਅਕਾਦਮਿਕ ਪੱਧਰ ਦੇ ਮੁਕਾਬਲੇ, ਇਨ੍ਹਾਂ ਵਿਦਿਆਰਥੀਆਂ ਨੇ ਕਾਲਜ ਦੇ ਨਾਲ-ਨਾਲ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਬੀ.ਐੱਡ. ਦਾ ਵੀ ਧੰਨਵਾਦ ਕੀਤਾ। ਇਸ ਅਨੁਸ਼ਾਸਿਤ ਪ੍ਰੋਗਰਾਮ ਦੇ ਆਯੋਜਨ ਲਈ। ਸਮੈਸਟਰ-2 ਦੇ ਵਿਦਿਆਰਥੀਆਂ ਦੀ ਵੀ ਪ੍ਰਸ਼ੰਸਾ ਕੀਤੀ ਗਈ। ਉਸਨੇ ਐਮ.ਐੱਡ. ਕੀਤੀ। ਅਤੇ ਬੀ.ਐੱਡ. ਉਨ੍ਹਾਂ ਨੇ ਗ੍ਰੈਜੂਏਸ਼ਨ ਪੂਰੀ ਕਰਨ ਵਾਲੇ ਵਿਦਿਆਰਥੀਆਂ ਨੂੰ ਸਾਬਕਾ ਵਿਦਿਆਰਥੀ ਬਣ ਕੇ ਕਾਲਜ ਨਾਲ ਜੁੜੇ ਰਹਿਣ ਲਈ ਵੀ ਉਤਸ਼ਾਹਿਤ ਕੀਤਾ।

# ਸੂਦ ਵਿਰਕ ਦੇ ਚੌਥੇ ਕਾਵਿ ਸੰਗ੍ਰਹਿ " ਸੱਚੇ ਸੁੱਚੇ ਹਰਫ਼ " ਨੂੰ ਜਨਾਬ ਸਤਪਾਲ ਸਾਹਲੋਂ ਨੇ ਕਿਹਾ ਖੁਸ਼ ਆਮਦੀਦ

**ਹੁਸ਼ਿਆਰਪੁਰ /ਸਾਹਲੋਂ (ਤਰਸੇਮ ਦੀਵਾਨਾ )** ਮਹਿੰਦਰ ਸੂਦ ਵਿਰਕ ਇਕ ਉਭਰਦਾ ਨਾਮਵਰ ਨੌਜਵਾਨ ਸ਼ਾਇਰ ਹੈ। ਜਿਸ ਨੇ ਥੋੜ੍ਹੇ ਸਮੇਂ ਵਿੱਚ ਹੀ ਸਖ਼ਤ ਮਿਹਨਤ ਕਰਕੇ ਅਨੇਕਾਂ ਕਾਵਿ ਰਚਨਾਂਵਾਂ ਨੂੰ ਜਨਮ ਦਿੱਤਾ ਅਤੇ ਡਿਜ਼ੀਟਲ ਕ੍ਰਾਂਤੀ ਦਾ ਸਹਾਰਾ ਲੈਂਦੇ ਹੋਏ ਉਨ੍ਹਾਂ ਨੂੰ ਪੰਜਾਬੀ ਪਾਠਕਾਂ ਦੀਆਂ ਬਰੂਹਾਂ ਤੱਕ ਪਹੁੰਚਾਇਆ। ਇਸ ਨੇ ਆਪਣੀਆਂ ਕਾਵਿ ਰਚਨਾਂਵਾਂ ਵਿੱਚ ਆਪਣੇ ਖਿਆਲਾਂ ਨੂੰ ਭਾਰੂ ਕਰਦੇ ਹੋਏ ਕਿਸੇ ਵੀ ਬੰਦਸ਼ ਤੋਂ ਦੂਰ ਰਹਿਣ ਨੂੰ ਤਰਜ਼ੀਹ ਦਿੱਤੀ ਹੈ। ਇਸ ਨੇ ਥੋੜ੍ਹੇ ਸਮੇਂ ਵਿੱਚ ਹੀ ਆਪਣੇ ਤਿੰਨ ਕਾਵਿ ਸੰਗ੍ਰਹਿ ਈ ਬੁੱਕ ਦੇ ਰੂਪ ਵਿੱਚ " ਸੱਚ ਦਾ ਹੋਕਾ " ਅਤੇ " ਸੱਚ ਕੌੜਾ ਆ " ਅਤੇ "ਸੱਚ ਵਾਂਗ ਕੱਚ" ਨੂੰ ਪਾਠਕਾਂ ਦੀ ਝੋਲੀ ਵਿੱਚ ਪਾ ਕੇ ਆਪਣਾ ਨਾਮ ਸਥਾਪਤ ਕਵੀਆਂ ਦੀ ਕਤਾਰ ਵਿੱਚ ਲੈ ਕੇ ਆਂਦਾ ਹੈ। ਪਿਤਾ ਦੀ ਮੌਤ ਤੋਂ ਬਾਅਦ ਲਿਖਣ ਦੀ ਪ੍ਰਕਿਰਿਆ ਨੂੰ ਤੇਜ਼ੀ ਨਾਲ ਚਲਾਉਂਦੇ ਹੋਏ ਕਿਸੇ ਵੀ ਤਰ੍ਹਾਂ ਦੇ ਪ੍ਰਵਾਹ ਕੀਤੇ ਬਿਨਾਂ ਪੂਰੀ ਸਪੀਡ




ਨਾਲ ਲਿਖਣ ਦੇ ਕਾਰਜਾਂ ਨੂੰ ਅਮਲੀ ਜਾਮਾ ਪਹਿਨਾਇਆ ਅਤੇ ਇਨ੍ਹਾਂ ਈ ਬੁੱਕਾਂ ਨੇ ਪਾਠਕਾਂ ਦਾ ਅਥਾਹ ਪਿਆਰ ਇਸਦੀ ਝੋਲੀ ਵਿੱਚ ਪਾਇਆ। ਜਿਸ ਪਿਆਰ ਸਦਕਾ ਹੀ ਮਹਿੰਦਰ ਸੂਦ ਤੋਂ ਮਹਿੰਦਰ ਸੂਦ ਵਿਰਕ ਬਣੇ ਇਸ ਨੌਜਵਾਨ ਸ਼ਾਇਰ ਨੂੰ ਚੌਥੇ ਕਾਵਿ ਸੰਗ੍ਰਹਿ ਨੂੰ ਈ ਬੁੱਕ ਦੇ ਰੂਪ ਵਿੱਚ ਪਾਠਕਾਂ ਦੀਆਂ ਬਰੂਹਾਂ ਤੱਕ ਪਹੁੰਚਾਉਣ ਦਾ ਬੱਲ ਮਿਲਿਆ ਹੈ। ਇਸ ਦੇ ਚੌਥੇ ਕਾਵਿ ਸੰਗ੍ਰਹਿ " ਸੱਚੇ ਸੁੱਚੇ ਹਰਫ਼ " ਨੂੰ ਖੁਸ਼ ਆਮਦੀਦ ਕਹਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਪਾਠਕ ਇਸ ਨੂੰ ਪਹਿਲਾਂ ਵਰਗਾ ਹੀ ਪਿਆਰ ਦੇਣਗੇ ਅਤੇ ਇਸ ਦੀ ਕਲਮ ਨੂੰ ਹੋਰ ਬਲ ਬਖਸ਼ਣਗੇ।

ਮਹਿੰਦਰ ਸੂਦ ਵਿਰਕ ਬਹੁਤ ਹੀ ਮਿਲਾਪੜਾ,ਮਿਹਨਤੀ ਤੇ ਮਿਲਣਸਾਰ ਹਸਮੁੱਖ ਸ਼ਾਇਰ ਹੈ ਜਿਸ ਨੂੰ ਹਰ ਕੋਈ ਪਿਆਰ ਕਰਦਾ ਹੈ। ਅਜਿਹੇ ਸ਼ਾਇਰ ਦੀਆਂ ਕਿਰਤਾਂ ਨੂੰ ਖੁਸ਼ ਆਮਦੀਦ ਕਹਿਣਾ ਤਾਂ ਬਣਦਾ ਹੈ ।

# ਅੱਜ ਤੋਂ ਸ੍ਰੀ ਖੁਰਾਲਗੜ ਤੋਂ ਪੰਜਾਬ 'ਚ ਅਸਲ ਨਸ਼ਾ ਵਿਰੋਧੀ ਮੁਹਿੰਮ ਸ਼ੁਰੂ ਹੋਵੇਗੀ

## ਨਸ਼ਿਆਂ ਨਾਲ ਪੰਜਾਬ ਦੀ ਜਵਾਨੀ ਤੇ ਕਿਸਾਨੀ ਹੋ ਰਹੇ ਬਰਬਾਦ- ਠੇਕੇਦਾਰ ਭਗਵਾਨ ਸਿੱਧੂ

**ਹੁਸ਼ਿਆਰਪੁਰ (ਤਰਸੇਮ ਦੀਵਾਨਾ)** ਬਹੁਜਨ ਸਮਾਜ ਪਾਰਟੀ ਵਲੋਂ 18 ਜੂਨ ਨੂੰ ਸ੍ਰੀ ਖੁਰਾਲਗੜ ਸਾਹਿਬ ਤੋਂ ਅਸਲ ਨਸ਼ਾ ਵਿਰੋਧੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ , ਕਿਓਂਕਿ ਬਸਪਾ ਹੀ ਪੰਜਾਬ ਅੰਦਰ ਨਸ਼ਿਆਂ ਨੂੰ ਰੋਕਣ ਅਤੇ ਡਰੱਗ ਮਾਫੀਏ ਦਾ ਲੱਕ ਤੋੜਨ ਲਈ ਸਹੀ ਪਲੇਟਫਾਰਮ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਠੇਕੇਦਾਰ ਭਗਵਾਨ ਦਾਸ ਸਿੱਧੂ ਜਨਰਲ ਸਕੱਤਰ ਬਸਪਾ ਪੰਜਾਬ ਨੇ ਕਿਹਾ ਕਿ "ਪੰਜਾਬ ਸੰਭਾਲੋ ਮੁਹਿੰਮ" ਤਹਿਤ ਭਲਕੇ ਬੁੱਧਵਾਰ ਸਵੇਰੇ 10 ਵਜੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਛੋਹ ਇਤਿਹਾਸਕ ਅਸਥਾਨ ਸ੍ਰੀ ਖੁਰਾਲਗੜ ਸਾਹਿਬ ਤੋਂ ਗੜਸ਼ੰਕਰ ਲਈ ਵਿਸ਼ਾਲ ਰੋਸ ਮਾਰਚ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਦੀ ਅਗਵਾਈ ਹੇਠ ਸ਼ੁਰੂ ਹੋਵੇਗਾ। ਉਨਾਂ ਨੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀਆਂ, ਭਗਵਾਨ ਸ੍ਰੀ ਬਾਲਮੀਕ ਸੁਸਾਇਟੀਆਂ, ਡਾ. ਅੰਬੇਡਕਰ ਅਤੇ ਹੋਰ ਧਾਰਮਿਕ,ਸਮਾਜਿਕ ਜਥੇਬੰਦੀਆਂ ਸਮੁੱਚੇ ਪੰਜਾਬ ਵਾਸੀਆਂ ਨੂੰ "ਪੰਜਾਬ ਸੰਭਾਲੋ ਮੁਹਿੰਮ"ਤਹਿਤ ਭਲਕੇ 18 ਜੂਨ ਨੂੰ ਸ੍ਰੀ ਖੁਰਾਲਗੜ ਸਾਹਿਬ ਪਹੁੰਚ ਕੇ ਰੋਸ ਮਾਰਚ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਠੇਕੇਦਾਰ ਭਗਵਾਨ ਦਾਸ ਨੇ ਕਿਹਾ ਕਿ ਕਾਂਗਰਸ, ਭਾਜਪਾ, ਅਕਾਲੀ ਅਤੇ ਮੌਜੂਦਾ ਆਮ ਆਦਮੀ ਪਾਰਟੀ ਦੇ ਰਾਜ ਵੇਲੇ ਪੰਜਾਬ ਦੀ ਜਵਾਨੀ ਤੇ ਕਿਸਾਨੀ ਬਰਬਾਦ ਹੋਏ ਹਨ । ਬਸਪਾ "ਪੰਜਾਬ ਸੰਭਾਲੋ ਮੁਹਿੰਮ" ਤਹਿਤ ਨਸ਼ਿਆਂ, ਬੇਰੁਜ਼ਗਾਰੀ, ਮਹਿੰਗਾਈ, ਸਿੱਖਿਆ ਨੀਤੀ , ਭ੍ਰਿਸ਼ਟਾਚਾਰ ਅਤੇ ਪਵਿੱਤਰ ਧਰਤੀ ਸ੍ਰੀ ਖੁਰਾਲਗੜ ਸਾਹਿਬ ਵਿਚੋਂ ਸ਼ਰਾਬ ਦਾ ਠੇਕਾ ਤੇ ਨਜਾਇਜ਼ ਬ੍ਰਾਂਚਾਂ ਬੰਦ ਕਰਾਉਣ ਲਈ ਮੈਦਾਨ ਵਿੱਚ ਆਈ ਹੈ ਜਿਸਨੂੰ ਪੰਜਾਬ ਦੇ ਹਰ ਵਰਗ



ਵਲੋਂ ਵੱਡਾ ਸਮਰਥਨ ਮਿਲ ਰਿਹਾ ਹੈ। ਬਸਪਾ ਆਗੂਆਂ ਨੇ ਕਿਹਾ ਕਿ ਜਿਹੜੇ ਕਾਂਗਰਸ, ਭਾਜਪਾ, ਅਕਾਲੀ ਅਤੇ ਆਪ ਦੇ ਨੇਤਾ ਸੰਵਿਧਾਨ ਅਤੇ ਰਾਖਵੇਂਕਰਨ ਵਿਰੋਧੀ ਬਿਆਨ ਦਿੰਦੇ ਹਨ ਓਹੀ ਲੋਕ ਡਾ. ਅੰਬੇਡਕਰ ਜੀ ਦੇ ਬੁੱਤਾਂ ਦੀ ਬੇਅਦਬੀ ਲਈ ਜ਼ਿੰਮੇਵਾਰ ਹਨ। ਉਨਾਂ ਕਿਹਾ ਸਤਿਗੁਰੂ ਰਵਿਦਾਸ ਮਹਾਰਾਜ ਦੀ ਚਰਨਛੋਹ ਪਵਿੱਤਰ ਧਰਤੀ ਸ੍ਰੀ ਖੁਰਾਲਗੜ੍ਹ ਤੋਂ ਸ਼ਰਾਬ ਦੇ ਠੇਕੇ ਅਤੇ ਨਜਾਇਜ਼ ਸ਼ਰਾਬ ਦੀਆਂ ਦੁਕਾਨਾਂ ਨੂੰ ਬੰਦ ਕਰਾ ਕੇ ਪੰਜਾਬ ਵਿੱਚ ਨਸ਼ਿਆਂ ਵਿਰੋਧੀ ਲਹਿਰ ਸ਼ੁਰੂ ਕੀਤੀ ਜਾਵੇਗੀ। ਬਸਪਾ ਆਗੂਆਂ ਨੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਪੂਰੀ ਤਰਾਂ ਲਾਗੂ ਕਰਨ , ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ, ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ ਚ 100% ਅਧਿਆਪਕ, ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਕਾਨੂੰਨ ਲਾਗੂ ਕਰਨ, ਪੰਜਾਬ ਦੀ ਤਰੱਕੀ ਵਿਕਾਸ ਅਤੇ ਸਿਹਤ ਸਿਸਟਮ ਵਿੱਚ ਸੁਧਾਰ ਲਈ ਪੰਜਾਬ ਅੰਦਰ ਵੱਡਾ ਅੰਦੋਲਨ ਛੇੜਨ ਦਾ ਸੱਦਾ ਦਿੱਤਾ ਅਤੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਬਹੁਜਨ ਸਮਾਜ ਪਾਰਟੀ ਦੇ ਨੀਲੇ ਝੰਡੇ ਹੇਠ ਇਕੱਠੇ ਹੋ ਕੇ ਡਾ. ਅਵਤਾਰ ਸਿੰਘ ਕਰੀਮਪੁਰੀ ਦੀ ਅਗਵਾਈ ਹੇਠ ਪੰਜਾਬ ਸੰਭਾਲੋ ਮੁਹਿੰਮ ਨੂੰ ਸਫਲ ਕਰਨ ਲਈ ਆਪਣਾ ਬਣਦਾ ਹਿੱਸਾ ਜਰੂਰ ਪਾਉਣ ।

# ਜ਼ਿੰਦਗੀ ਨੂੰ ਸੁੰਦਰ ਹੋਣ ਲਈ ਸੰਪੂਰਨ ਹੋਣਾ ਜ਼ਰੂਰੀ ਨਹੀਂ

ਇੱਕ ਅਜਿਹੀ ਦੁਨੀਆਂ ਵਿੱਚ ਜੋ ਅਕਸਰ ਸੰਪੂਰਨਤਾ ਦਾ ਪਿੱਛਾ ਕਰਦੀ ਹੈ—ਨਿਰਦੋਸ਼ ਦਿੱਖ, ਆਦਰਸ਼ ਜੀਵਨ ਸ਼ੈਲੀ, ਅਤੇ ਗਲਤੀ-ਰਹਿਤ ਪਲ—ਇੱਕ ਜ਼ਰੂਰੀ ਸੱਚ ਨੂੰ ਭੁੱਲਣਾ ਆਸਾਨ ਹੈ: ਜ਼ਿੰਦਗੀ ਨੂੰ ਸੁੰਦਰ ਬਣਨ ਲਈ ਸੰਪੂਰਨ ਹੋਣਾ ਜ਼ਰੂਰੀ ਨਹੀਂ ਹੈ।ਸੱਚੀ ਸੁੰਦਰਤਾ ਅਪੂਰਣਤਾ ਵਿੱਚ ਹੈ, ਖੁਸ਼ੀ ਦੇ ਛੋਟੇ ਪਲਾਂ ਵਿੱਚ, ਸੰਘਰਸ਼ਾਂ ਵਿੱਚ ਸਾਨੂੰ ਮਿਲਣ ਵਾਲੀ ਤਾਕਤ, ਅਤੇ ਆਪਣੀਆਂ ਕਮੀਆਂ ਦੇ ਬਾਵਜੂਦ ਅਸੀਂ ਜੋ ਪਿਆਰ ਦਿੰਦੇ ਅਤੇ ਪ੍ਰਾਪਤ ਕਰਦੇ ਹਾਂ। ਸੰਪੂਰਨਤਾ ਇੱਕ ਮਿੱਥ ਹੈ। ਕਿਸੇ ਦੀ ਜ਼ਿੰਦਗੀ ਬਾਹਰੋਂ ਕਿੰਨੀ ਵੀ ਪਾਲਿਸ਼ ਕੀਤੀ ਗਈ ਹੋਵੇ, ਹਰ ਕੋਈ ਚੁਣੌਤੀਆਂ, ਦਿਲ ਟੁੱਟਣ ਅਤੇ ਝਟਕਿਆਂ ਦਾ ਸਾਹਮਣਾ ਕਰਦਾ ਹੈ। ਜ਼ਿੰਦਗੀ ਨੂੰ ਸੁੰਦਰ ਬਣਾਉਣ ਵਾਲੀ ਚੀਜ਼ ਇਸ ਦੀ ਨਿਰਦੋਸ਼ਤਾ ਨਹੀਂ ਹੈ ਬਲਕਿ ਹਿੰਮਤ ਅਤੇ ਉਮੀਦ ਨਾਲ ਅੱਗੇ ਵਧਣ ਦੀ ਸਾਡੀ ਯੋਗਤਾ ਹੈ। ਇੱਕ ਫਟਿਆ ਹੋਇਆ ਕੱਪ ਅਜੇ ਵੀ ਗਰਮ ਚਾਹ ਰੱਖਦਾ ਹੈ। ਇੱਕ ਬਰਸਾਤੀ ਦਿਨ ਅਜੇ ਵੀ ਖਿੜਦੇ ਫੁੱਲਾਂ ਨੂੰ ਪਾਲਦਾ ਹੈ।

ਜਦੋਂ ਅਸੀਂ ਅਪੂਰਣਤਾਵਾਂ ਨੂੰ ਗਲੇ ਲਗਾਉਂਦੇ ਹਾਂ—ਆਪਣੇ ਅਤੇ ਦੂਜਿਆਂ ਦੇ—ਅਸੀਂ ਸੱਚੇ ਸਬੰਧ ਦਾ ਦਰਵਾਜ਼ਾ ਖੋਲ੍ਹਦੇ ਹਾਂ। ਅਸੀਂ ਦਿਆਲੂ, ਵਧੇਰੇ ਹਮਦਰਦ ਅਤੇ ਵਧੇਰੇ ਸਵੀਕਾਰ ਕਰਨਾ ਸਿੱਖਦੇ ਹਾਂ। ਸਾਨੂੰ ਅਹਿਸਾਸ ਹੁੰਦਾ ਹੈ ਕਿ ਸਾਰੇ ਜਵਾਬ ਨਾ ਹੋਣ ਜਾਂ ਰਸਤੇ ਵਿੱਚ ਠੋਕਰ ਖਾਣ ਵਿੱਚ ਕੋਈ ਫ਼ਰਕ ਨਹੀਂ ਪੈਂਦਾ।

ਸੁੰਦਰਤਾ ਅਕਸਰ ਆਮ ਵਿੱਚ ਛੁਪੀ ਹੁੰਦੀ ਹੈ:

* ਇੱਕ ਬੱਚੇ ਦਾ ਹਾਸਾ
* ਇੱਕ ਸ਼ਾਂਤ ਸਵੇਰ ਦਾ ਸੂਰਜ ਚੜ੍ਹਨਾ
* ਇੱਕ ਦਿਲਾਸਾ ਦੇਣ ਵਾਲੀ ਜੱਫੀ
* ਸੁੱਕੀ ਮਿੱਟੀ 'ਤੇ ਮੀਂਹ ਦੀ ਖੁਸ਼ਬੂ

ਇਹਨਾਂ ਪਲਾਂ ਨੂੰ ਸੰਪੂਰਨਤਾ ਦੀ ਲੋੜ ਨਹੀਂ ਹੁੰਦੀ। ਉਹਨਾਂ ਨੂੰ ਸਿਰਫ਼ ਸਾਨੂੰ ਉਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੁੰਦੀ ਹੈ। ਜਦੋਂ ਅਸੀਂ ਹਰ ਚੀਜ਼ ਦੇ "ਬਿਲਕੁਲ ਸਹੀ" ਹੋਣ ਦੀ ਉਡੀਕ ਕਰਨਾ ਬੰਦ ਕਰ ਦਿੰਦੇ ਹਾਂ, ਤਾਂ ਅਸੀਂ ਉਸ ਸੁੰਦਰਤਾ ਨੂੰ ਦੇਖਣਾ ਸ਼ੁਰੂ ਕਰਦੇ ਹਾਂ ਜੋ ਹਮੇਸ਼ਾ ਉੱਥੇ ਸੀ - ਪ੍ਰਸ਼ੰਸਾ ਕੀਤੇ ਜਾਣ ਦੀ ਉਡੀਕ ਵਿੱਚ।

ਜ਼ਿੰਦਗੀ ਦੇ ਸਭ ਤੋਂ ਔਖੇ ਪਲ ਅਕਸਰ ਸਾਨੂੰ ਸਾਡੇ ਸਭ ਤੋਂ ਮਜ਼ਬੂਤ ਸਵੈ ਵਿੱਚ ਢਾਲਦੇ ਹਨ। ਸਾਡੇ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ - ਦਿਲ ਟੁੱਟਣਾ, ਅਸਫਲਤਾਵਾਂ, ਨੁਕਸਾਨ - ਭਾਰੀ ਮਹਿਸੂਸ ਹੋ ਸਕਦੇ ਹਨ। ਪਰ ਉਨ੍ਹਾਂ ਹੀ ਪਲਾਂ ਵਿੱਚ, ਅਸੀਂ ਆਪਣੀ ਲਚਕਤਾ, ਆਪਣੀ ਹਿੰਮਤ ਅਤੇ ਆਪਣੇ ਡੂੰਘੇ ਮੁੱਲਾਂ ਨੂੰ ਖੋਜਦੇ ਹਾਂ। ਦਬਾਅ ਹੇਠ ਬਣੇ ਹੀਰੇ ਵਾਂਗ, ਸਾਡਾ ਚਰਿੱਤਰ ਸਾਡੇ ਸੰਘਰਸ਼ਾਂ ਦੁਆਰਾ ਆਕਾਰ ਪ੍ਰਾਪਤ ਕਰਦਾ ਹੈ। ਅਤੇ ਉਹ ਪ੍ਰਕਿਰਿਆ, ਭਾਵੇਂ ਦਰਦਨਾਕ ਹੋਵੇ, ਬਿਨਾਂ ਸ਼ੱਕ ਸੁੰਦਰ ਹੈ।

ਸੋਸ਼ਲ ਮੀਡੀਆ, ਇਸ਼ਤਿਹਾਰ ਅਤੇ ਸਮਾਜ ਅਕਸਰ ਇੱਕ "ਸੰਪੂਰਨ" ਜ਼ਿੰਦਗੀ ਦੀ ਤਸਵੀਰ ਪੇਂਟ ਕਰਦੇ ਹਨ। ਪਰ ਇਹ ਤਸਵੀਰਾਂ ਅਕਸਰ ਫਿਲਟਰ ਕੀਤੀਆਂ ਜਾਂਦੀਆਂ ਹਨ, ਸੰਪਾਦਿਤ ਕੀਤੀਆਂ ਜਾਂਦੀਆਂ ਹਨ, ਅਤੇ ਹਕੀਕਤ ਤੋਂ ਬਹੁਤ ਦੂਰ ਹੁੰਦੀਆਂ ਹਨ। ਉਨ੍ਹਾਂ ਉਮੀਦਾਂ 'ਤੇ ਖਰਾ ਉਤਰਨ ਦੀ ਕੋਸ਼ਿਸ਼ ਸਿਰਫ ਨਿਰਾਸ਼ਾ ਅਤੇ ਚਿੰਤਾ ਵੱਲ ਲੈ ਜਾਂਦੀ ਹੈ।

ਇਸ ਦੀ ਬਜਾਏ, ਆਓ ਆਪਣੀ ਵਿਲੱਖਣ ਯਾਤਰਾ ਦਾ ਜਸ਼ਨ ਮਨਾਈਏ—ਇਸਦੇ ਸਾਰੇ ਮੋੜਾਂ ਅਤੇ ਮੋੜਾਂ ਦੇ ਨਾਲ। ਆਓ ਜ਼ਿੰਦਗੀ ਦੇ ਗੜਬੜ ਵਾਲੇ, ਅਣਪਛਾਤੇ ਅਤੇ ਪ੍ਰਮਾਣਿਕ ਸੁਭਾਅ ਦਾ ਸਨਮਾਨ ਕਰੀਏ। ਜਦੋਂ ਅਸੀਂ ਸੰਪੂਰਨ ਹੋਣ ਦੇ ਦਬਾਅ ਨੂੰ ਛੱਡ ਦਿੰਦੇ ਹਾਂ, ਤਾਂ ਅਸੀਂ ਖੁਸ਼ੀ, ਸ਼ਾਂਤੀ ਅਤੇ ਸਿਰ-ਜਣਾਤਮਕਤਾ ਲਈ ਜਗ੍ਹਾ ਬਣਾਉਂਦੇ ਹਾਂ।

ਜ਼ਿੰਦਗੀ ਮੁਸਕਰਾਹਟਾਂ ਅਤੇ ਹੰਝੂਆਂ, ਉੱਚੇ-ਨੀਵੇਂ, ਸਫਲਤਾ ਅਤੇ ਅਸਫਲਤਾ ਦਾ ਇੱਕ ਸਮੂਹ ਹੈ। ਇਹ ਕਮੀਆਂ ਦੀ ਅਣਹੋਂਦ ਨਹੀਂ ਹੈ ਜੋ ਇਸਨੂੰ ਸੁੰਦਰ ਬਣਾਉਂਦੀ ਹੈ, ਸਗੋਂ ਉਹਨਾਂ ਤੋਂ ਪਰੇ ਦੇਖਣ ਦੀ ਸਾਡੀ ਯੋਗਤਾ ਹੈ। ਜਦੋਂ ਅਸੀਂ ਜ਼ਿੰਦਗੀ ਦੀ ਕਦਰ ਕਰਨਾ ਸ਼ੁਰੂ ਕਰਦੇ ਹਾਂ ਜੋ ਇਹ ਹੈ—ਕੱਚਾ, ਅਸਲੀ, ਅਤੇ ਸਦਾ ਬਦਲਦਾ—ਅਸੀਂ ਸ਼ੁਕਰਗੁਜ਼ਾਰੀ ਅਤੇ ਪੂਰਤੀ ਦੀ ਡੂੰਘੀ ਭਾਵਨਾ ਨੂੰ ਖੋਲ੍ਹਦੇ ਹਾਂ। ਇਸ ਲਈ ਅਗਲੀ ਵਾਰ ਜਦੋਂ ਚੀਜ਼ਾਂ ਯੋਜਨਾ ਅਨੁਸਾਰ ਨਹੀਂ ਹੁੰਦੀਆਂ, ਤਾਂ ਯਾਦ ਰੱਖੋ: ਜ਼ਿੰਦਗੀ ਸੁੰਦਰ ਹੋਣ ਲਈ ਸੰਪੂਰਨ ਹੋਣੀ ਜ਼ਰੂਰੀ ਨਹੀਂ ਹੈ। ਇਹ ਪਹਿਲਾਂ ਹੀ ਹੈ, ਜਿਵੇਂ ਇਹ ਹੈ - ਅਤੇ ਤੁਸੀਂ ਵੀ ਹੋ।



**ਜਸਵਿੰਦਰ ਪਾਲ ਸ਼ਰਮਾ**
ਸਸ ਮਾਸਟਰ
ਸਸਸਸ ਹਾਕੂਵਾਲਾ
ਸ੍ਰੀ ਮੁਕਤਸਰ ਸਾਹਿਬ
79860-27454

# ਹੁਸ਼ਿਆਰਪੁਰ ਪੁਲਿਸ ਨੂੰ ਮਿਲੀ ਵੱਡੀ ਸਫਲਤਾ, ਸੌਰਵ ਜਿੰਦਲ ਉਰਫ ਸੋਬੀ ਗੈਂਗ ਦਾ ਗੁਰਗਾ ਨਜਾਇਜ ਅਸਲੇ ਸਮੇਤ ਕਾਬੂ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਪੰਜਾਬ ਸਰਕਾਰ ਵਲੋਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਗਈ ਮਹਿੰਮ ਤਹਿਤ ਨਸ਼ਾ ਸਮਗਲਰਾਂ ਤੇ ਗੈਂਗਸਟਰਾਂ 'ਤੇ ਨਕੇਲ ਕੱਸਦੇ ਹੋਏ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਆਈਪੀਐੱਸ, ਸੰਦੀਪ ਕੁਮਾਰ ਮਲਿਕ ਆਈਪੀਐੱਸ ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਕੇਸ਼ ਕੁਮਾਰ ਪੀਪੀਐੱਸ ਪੁਲਿਸ ਕਪਤਾਨ (ਤਫਤੀਸ਼) ਹੁਸ਼ਿਆਰਪੁਰ ਦੀ ਨਿਗਰਾਨੀ ਹੇਠ, ਸੁਖਨਿੰਦਰ ਸਿੰਘ ਪੀਪੀਐੱਸ ਉੱਪ ਪੁਲਿਸ ਕਪਤਾਨ (ਤਫਤੀਸ਼) ਹੁਸ਼ਿਆਰਪੁਰ ਅਤੇ ਇੰਚਾਰਜ ਸੀ.ਆਈ.ਏ ਸਟਾਫ ਹੁਸ਼ਿਆਰਪੁਰ ਦੇ ਅਧੀਨ ਪੁਲਿਸ ਪਾਰਟੀ ਵੱਲੋਂ ਸੌਰਵ ਜਿੰਦਲ ਉਰਫ ਬੌਬੀ ਗੈਂਗ ਦਾ ਇੱਕ ਵਿਅਕਤੀ 03 ਨਜਾਇਜ ਅਸਲਿਆਂ ਸਮੇਤ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਸਥਾਨਕ ਪੁਲਿਸ ਲਾਈਨ ਵਿਖੇ ਕਰਵਾਈ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਜ਼ਿਲ੍ਹਾ ਪੁਲਿਸ ਮੁਖੀ ਸੰਦੀਪ ਕੁਮਾਰ ਮਲਿਕ ਆਈਪੀਐੱਸ ਨੇ ਦੱਸਿਆ ਕਿ ਹੁਸ਼ਿਆਰਪੁਰ ਪੁਲਿਸ ਵਲੋਂ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰ ਵਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਸਮਗਲਰਾਂ ਅਤੇ ਗੈਂਗਸਟਰਾਂ ਖਿਲਾਫ ਸਖਤ ਕਾਰਵਾਈ ਆਰੰਭ ਕੀਤੀ ਹੋਈ ਹੈ।ਉਹਨਾਂ ਦੱਸਿਆ ਕਿ ਸੀ.ਆਈ.ਏ ਸਟਾਫ ਦੀ ਪੁਲਿਸ ਪਾਰਟੀ ਵੱਲੋਂ ਸਾਹਿਲਪ੍ਰੀਤ ਸਿੰਘ ਪੁੱਤਰ ਨਰਿੰਦਰ ਸਿੰਘ ਵਾਸੀ ਪਿੰਡ ਕਿਲਾ ਬਰੂਨ ਨਾਮਕ ਨੌਜਵਾਨ ਨੂੰ 149 ਗ੍ਰਾਮ ਹੈਰੋਇਨ ਨਾਲ ਕਾਬੂ ਕਰਕੇ ਉਸਦੇ ਖਿਲਾਫ ਮੁਕਦਮਾ ਐਨ.ਡੀ.ਪੀ.ਐੱਸ.ਐਕਟ ਤਹਿਤ



ਥਾਣਾ ਸਦਰ ਵਿਖੇ ਦਰਜ਼ ਰਜਿਸਟਰ ਕੀਤਾ ਸੀ। ਤਫਤੀਸ਼ ਦੌਰਾਨ ਪਾਇਆ ਗਿਆ ਕਿ ਸਾਹਿਲਪ੍ਰੀਤ ਸਿੰਘ ਉਕਤ ਨੂੰ ਵੀ ਸੌਰਵ ਜਿੰਦਲ ਉਰਫ ਸੌਬੀ ਪੁੱਤਰ ਜਸਵੀਰ ਸਿੰਘ ਉਰਫ ਕਾਕਾ ਗੁਜ਼ਰ ਵਾਸੀ ਕੀਰਤੀ ਨਗਰ ਥਾਣਾ ਮਾਡਲ ਟਾਊਨ ਹਾਲ ਵਾਸੀ ਅਮਰੀਕਾ ਆਪਣੇ ਸਾਥੀਆਂ ਹੇਮੰਤ ਅਤੇ ਨੀਰਜ਼ ਕੁਮਾਰ ਉਰਫ ਰਾਂਝਾ ਦੁਬਾਰਾ ਹੈਰੋਇਨ ਸਪਲਾਈ ਕੀਤੀ ਜਾਂਦੀ ਸੀ। ਸੀ.ਆਈ.ਏ ਸਟਾਫ ਦੀ ਪੁਲਿਸ ਪਾਰਟੀ ਵੱਲੋਂ ਹੇਮੰਤ ਪੁੱਤਰ ਅਜੈ ਕੁਮਾਰ ਵਾਸੀ 16 ਲਿੰਕ ਰੋਡ, ਅਬਾਦਪੁਰਾ ਥਾਣਾ ਡਵੀਜ਼ਨ ਨੰਬਰ 06 ਜਿਲ੍ਹਾ ਜਲੰਧਰ ਨੂੰ ਇੱਕ ਦੇਸੀ ਪਿਸਤੌਲ 315 ਬੋਰ ਸਮੇਤ ਰੋਦ ਜਿੰਦਾ 315 ਬੋਰ ਦੇ ਕਾਬੂ ਕਰਕੇ ਉਸ ਦੇ ਖਿਲਾਫ ਅਸਲਾ ਐਕਟ ਥਾਣਾ ਸਦਰ ਵਿਖੇ ਮੁਕੱਦਮਾ ਦਰਜ ਕੀਤਾ ਸੀ। ਜੋ ਇਸ ਮੁੱਕਦਮਾ ਵਿੱਚ ਨਾਮਜਦ ਦੋਸ਼ੀ ਨੀਰਜ਼ ਕੁਮਾਰ ਉਰਫ ਰਾਂਝਾ ਪੁੱਤਰ ਸੁਰਿੰਦਰ ਪਾਲ ਵਾਸੀ ਹਰਦੋਖਾਨਪੁਰ ਥਾਣਾ ਮਾਡਲ ਟਾਊਨ ਹਾਲ ਵਾਸੀ ਬੰਜ਼ਰ ਬਾਗ ਥਾਣਾ ਸਦਰ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 02 ਪਿਸਟਲ 32 ਬੋਰ ਅਤੇ ਇੱਕ ਪਿਸਟਲ 9ਐੱਮਐੱਮ (ਗਲੁੱਕ) ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਤਫਤੀਸ਼ ਦੋਰਾਨ ਪਾਇਆ ਗਿਆ ਕਿ ਦੋਸ਼ੀ ਹੇਮੰਤ ਅਤੇ ਨੀਰਜ ਕੁਮਾਰ ਉਰਫ ਰਾਂਝਾ ਵਿਦੇਸ਼ ਵਿੱਚ ਬੈਠੇ ਨਸ਼ਾ ਤਸਕਰ ਸੋਰਵ ਜਿੰਦਲ ਉਕਤ ਦੇ ਕਹਿਣ ਤੇ ਗੈਗ ਬਣਾ ਕੇ ਹੁਸ਼ਿਆਰਪੁਰ ਸ਼ਹਿਰ ਵਿੱਚ ਕਾਫੀ ਅਰਸੇ ਤੋਂ ਪੈਸੇ ਕਮਾਉਣ ਦੇ ਇਰ-ਾਦੇ ਨਾਲ ਨਸ਼ਾ ਅਤੇ ਅਸਲਾ ਸਪਲਾਈ ਕਰਨ ਦਾ ਧੰਦਾ ਕਰਦੇ ਸਨ। ਜਿਸ ਤੇ ਇਹਨਾਂ ਦੇ ਖਿਲਾਫ ਉਕਤ ਮੁੱਕਦਮੇ ਵਿੱਚ ਸੰਗੀਨ ਧਰਾਵਾਂ 25 (6) ਅਸਲਾ ਐਕਟ ਅਤੇ ਧਾਰਾ 111 ਬੀ.ਐਨ.ਐਸ.ਦਾ ਵਾਧਾ ਕੀਤਾ ਗਿਆ। ਉਨ੍ਹਾਂ ਦਸਿਆ ਕਿ ਹੁਸ਼ਿਆਰਪੁਰ ਪੁਲਿਸ ਨੇ ਬੜੇ ਤਕਨੀਕੀ ਤੇ ਵਿਗਿਆਨਕ ਤਰੀਕੇ ਨਾਲ ਤਫਤੀਸ਼ ਕਰਕੇ ਸੌਰਵ ਜਿੰਦਲ ਉਰਫ ਸੌਬੀ ਗੈਂਗ ਵੱਲੋਂ ਚਲਾਏ ਜਾ ਰਹੇ ਵੱਡੇ ਪੱਧਰ ਤੇ ਨਸ਼ੇ ਅਤੇ ਹਥਿਆਰਾਂ ਦੇ ਨੈਟਵਰਕ ਦਾ ਪਰਦਾਫਾਸ਼ ਕਰਕੇ ਇਸ ਨੈਟਵਰੱਕ ਨੂੰ ਤੋੜ ਕੇ ਨਸ਼ੇ ਅਤੇ ਹਥਿਆਰਾਂ ਦੀ ਸਪਲਾਈ ਬੰਦ ਕਰਵਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ। ਉਨ੍ਹਾਂ ਦਸਿਆ ਕਿ ਸੋਰਵ ਜਿੰਦਲ ਉਕਤ ਦੇ ਹੋਰ ਗੈਂਗ ਮੈਂਬਰਾਂ ਦੀ ਭਾਲ ਕੀਤੀ ਜਾ ਰਹੀ ਹੈ।

**ਫੋਟੋ ਅਜਮੇਰ ਦੀਵਾਨਾ**

# ਮਾਂ ਵੈਸ਼ਨੂੰ ਦਰਬਾਰ ਦੁੱਖ ਖੰਡਨ ਨਿਵਾਸ ਮੋਂਰੋਂ ਵਿਖੇ 'ਫਾਦਰ ਡੇਅ' ਮਨਾਇਆ

**ਫਿਲੌਰ/ਅੱਪਰਾ (ਦੀਪਾ)**- ਕਰੀਬੀ ਪਿੰਡ ਮੋਂਰੋਂ ਵਿਖੇ ਸਥਿਤ ਮਾਂ ਵੈਸ਼ਨੂੰ ਦਰਬਾਰ ਦੁੱਖ ਖੰਡਨ ਨਿਵਾਸ ਮੋਂਰੋਂ ਵਿਖੇ ਗੱਦੀਨਸ਼ੀਨ ਮਾਤਾ ਸਵਰਨ ਦੇਵਾ (ਯੂ.ਕੇ) ਦੀ ਅਗਵਾਈ ਹੇਠ ਸਮੂਹ ਸੰਗਤਾਂ ਤੇ ਖਾਸ ਤੌਰ 'ਤੇ ਇਕੱਤਰ ਬੱਚਿਆਂ ਵਲੋਂ ਫਾਦਰ ਡੇਅ ਮਨਾਇਆ ਗਿਆ । ਇਸ ਮੌਕੇ ਮਾਤਾ ਸਵਰਨ ਦੇਵਾ (ਯੂ.ਕੇ) ਵਲੋਂ ਕੇਕ ਕੱਟਿਆ ਗਿਆ । ਉਪਰੰਤ ਮਾਤਾ ਜੀ ਦੀ ਵਿਸ਼ਾਲ ਚੌਂਕੀ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਈ ਗਈ ।



ਇਸ ਮੌਕੇ ਮਹਾਂਮਾਈ ਜੀ ਦੀ ਮਹਿਮਾ ਦਾ ਗੁਣਗਾਣ ਕੀਤਾ ਗਿਆ । ਇਸ ਮੌਕੇ ਬੋਲਦਿਆਂ ਗੱਦੀਨਸ਼ੀਨ ਮਾਤਾ ਸਵਰਨ ਦੇਵਾ (ਯੂ.ਕੇ) ਨੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਨੂੰ ਆਪਣਾ ਮਾਤਾ ਪਿਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ, ਕਿਉਂਕਿ ਹਰ ਮਾਂ-ਬਾਪ ਆਪਣੇ ਬੱਚਿਆਂ ਦਾ ਹਮੇਸ਼ਾ ਭਲਾ ਹੀ ਲੋਚਦਾ ਹੈ । ਇਸ ਮੌਕੇ ਠੰਢੇ ਮਿੱਠੇ ਜਲ ਦੀ ਛਬੀਲ ਤੇ ਲੰਗਰ ਵੀ ਅਤੁੱਟ ਵਰਤਾਏ ਗਏ ।



**ਕਰਤਾਰ ਕਾਨਵੈਂਟ ਸਕੂਲ, ਪ੍ਰਿੰਸ ਕਲੋਨੀ, 33 ਫੁੱਟ ਰੋਡ ਲੁਧਿਆਣਾ ਦੇ ਪ੍ਰਿੰਸੀਪਲ ਹਰਪ੍ਰੀਤ ਕੌਰ ਦੇ ਭਰਾ ਰਾਜਦੀਪ ਸਿੰਘ ਦਾ 43ਵਾਂ ਜਨਮ-ਦਿਨ ਅੱਜ ਬੜੇ ਧੂਮਧਾਮ ਨਾਲ ਮਨਾਇਆ ਗਿਆ । ਪਰਿਵਾਰ ਨੇ ਰਾਜਦੀਪ ਸਿੰਘ ਨੂੰ ਵਧਾਈਆਂ ਦਿੱਤੀਆਂ ਤੇ ਕੇਕ ਕੱਟ ਕੇ ਮੂੰਹ ਮਿੱਠਾ ਕਰਵਾਇਆ ।(ਫੋਟੋ ਤੇ ਵੇਰਵਾ : ਕਰਨੈਲ ਸਿੰਘ ਐੱਮ.ਏ. ਲੁਧਿਆਣਾ)**

## ਸੌ ਹੱਥ ਰੱਸਾ

ਨਿੱਤ ਗੱਲੀਂ ਬਾਤੀਂ ਕਰਦਾ
ਰਹੇਂ ਕੜਾਹ ਸੱਜਣਾ ।
ਕੋਈ ਵਿੱਚ ਵਿਚੋਲਾ ਪਾ ਕੇ
ਗੱਲ ਚਲਾ ਸੱਜਣਾ ।
ਜਾਂ ਬੇ-ਵਫ਼ਾ ਕਹਿ ਕਹਿ ਕੇ
ਫ਼ੇਰ ਮੈਨੂੰ ਭੰਡੀਂ ਨਾ ;
ਘਰ ਵਿੱਚ ਵਿਆਹ ਦੀ ਹੁੰਦੀ
ਨਿੱਤ ਸਲਾਹ ਸੱਜਣਾ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037

## ਦੇਸ਼ ਪੰਜਾਬ ਦੇ ਬੱਚੇ/ਕਵਿਤਾ

ਅਸੀਂ ਦੇਸ਼ ਪੰਜਾਬ ਦੇ ਬੱਚੇ ਹਾਂ,
ਭਾਵੇਂ ਨਿੱਕੇ ਹਾਂ, ਪਰ ਮਨ ਦੇ ਸੱਚੇ ਹਾਂ।
ਸਾਡੇ ਮਨਾਂ 'ਚ ਕਿਸੇ ਲਈ ਨਫਰਤ ਨਹੀਂ,
ਕਿਸੇ ਨੂੰ ਕੌੜਾ ਬੋਲਣਾ ਸਾਡੀ ਫਿਤਰਤ ਨਹੀਂ।
ਰਤਾ ਵੀ ਝੂਠ ਬੋਲਣਾ ਸਾਨੂੰ ਆਉਂਦਾ ਨਹੀਂ,
ਸੱਚ ਬੋਲਣ ਤੋਂ ਸਾਡਾ ਜੀ ਘਬਰਾਉਂਦਾ ਨਹੀਂ।
ਇਕ ਪਲ ਇਕ, ਦੂਜੇ ਨਾਲ ਲੜ ਪੈਂਦੇ ਹਾਂ,
ਦੂਜੇ ਪਲ ਹੀ ਕੋਲ ਹੋ, ਹੋ ਬਹਿੰਦੇ ਹਾਂ।
ਪੜ੍ਹਦੇ ਹਾਂ ਮਹਾਨ ਮਨੁੱਖਾਂ ਦੇ ਕਾਰਨਾਮੇ,
ਬਣਾਂਗੇ ਮਹਾਨ ਅਸੀਂ, ਹਾਲੇ ਛੋਟੇ ਹਾਂ ਭਾਵੇਂ।
ਪਿਆਰ ਦਾ ਚਾਨਣ ਫੈਲਾਵਾਂਗੇ ਚਾਰੇ ਪਾਸੇ,
ਦਿੱਸਣੇ ਨਾ ਇੱਥੇ ਫਿਰ ਚਿਹਰੇ ਉਦਾਸੇ।
ਸਿਰਜਾਂਗੇ ਅਸੀਂ ਇਕ ਐਸਾ ਸਮਾਜ,
ਜਿੱਥੇ ਵੱਡੇ, ਛੋਟੇ ਨੂੰ ਮਿਲੇਗਾ ਸਤਿਕਾਰ।
ਅਸੀਂ ਦੇਸ਼ ਪੰਜਾਬ ਦੇ ਬੱਚੇ ਹਾਂ,
ਭਾਵੇਂ ਨਿੱਕੇ ਹਾਂ, ਪਰ ਮਨ ਦੇ ਸੱਚੇ ਹਾਂ।



**ਮਹਿੰਦਰ ਸਿੰਘ ਮਾਨ**
ਪਿੰਡ ਤੇ ਡਾਕ ਰੱਕੜਾਂ ਢਾਹਾ-144526
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਫੋਨ -9915803554

## ਅਸੀਂ ਤੁਸੀਂ ਕਿੱਥੇ ਸੀ ?

ਤੁਸੀਂ ਸਭ ਜ਼ਿੰਮੇਵਾਰ ਹੋ
ਗਾਜ਼ਾ 'ਚ ਹੁੰਦੇ ਕਤਲੇਆਮ ਦੇ
ਤੁਸੀਂ ਬੋਲਦੇ ਹੋਏ ਚੁੱਪ ਗੜੁੱਪ ਹੋ
ਖ਼ਬਰਾਂ ਪੜ੍ਹਦੇ ਸੁਣਦੇ ਵੀ
' ਹਾਅ ' ਦਾ ਨਾਹਰਾ ਨਹੀਂ ਲਗਾ ਸਕਦੇ
ਹੱਥ ਵਿੱਚ ਸੋਸ਼ਲ ਮੀਡੀਆ ਹੁੰਦਿਆਂ
ਉਂਗਲ ਉਪਰ ਥੱਲੇ
ਸੱਜੇ ਖੱਬੇ ਘੁੰਮਾ ਲੈਂਦੇ ਹੋ
ਅਣਆਈਆਂ ਮੌਤਾਂ ਤੱਕਦੇ
ਅੱਖਾਂ ਚ ਅੰਧਰਾਤਾ ਆ ਉਤਰਦਾ
ਜੀਭ ਨੂੰ ਤੰਦੂਆ ਪੈ ਜਾਂਦਾ ਹੈ
ਕਿਵੇਂ ਸੰਵੇਦਨਾ ਮਰ ਜਾਂਦੀ ਹੈ
ਕਿਵੇਂ ਬੇਕਿਰਕ ਤਬਾਹੀ ਵੇਖਦੇ ਹੋ
ਸਹਿਕ - ਸਹਿਕ ਮਰਦੇ ਬੱਚਿਆਂ ਦੀਆਂ ਤਸਵੀਰਾਂ ਵੇਖਦੇ ਹੋ
ਹਾਂ, ਤੁਸੀਂ ਫ਼ਸਲਾਂ ਤਬਾਹ ਹੋਣ ਤੇ ਹੀ ਬੋਲਦੇ ਹੋ
ਨਸਲਾਂ ਫਨਾਹ ਹੋਣ ਤੇ ਚੁੱਪ ਸਾਧ ਲੈਣਾ ਫਰਜ਼ ਸਮਝਦੇ ਹੋ
ਤੁਸੀਂ ਜਾਣਦੇ ਹੋਏ ਵੀ ਕਿ ਜ਼ਰੂਰੀ ਨਹੀਂ ਮੈਦਾਨੇ ਜੰਗ ਜਾਣਾ
ਜ਼ਬਰ ਜ਼ੁਲਮ ਵਿਰੁੱਧ ਲਿਖ ਤਾਂ ਸਕਦੇ ਹੋ
ਦੋ ਸ਼ਬਦ ਆਪਣੀ ਹਕੂਮਤ ਦੇ ਕੰਨੀਂ
ਬਾਹਾਂ ਉਲਾਰ ਕੇ
ਵਿਰੋਧ ਤਾਂ ਦਰਜ ਕਰਾ ਸਕਦੇ ਹੋ
ਇਹ ਧਨ ਕੁਬੇਰਾਂ ਦੀ ਸਹਿ ਨਸਲਾਂ ਦਾ ਖੁਰਾ ਖ਼ੋਜ ਮਿਟਾਉਂਦੀ ਰਹੇਗੀ
ਅਸੀਂ ਦੁਨੀਆ ਭਰ ਦੇ ਨਿਜ਼ਾਮ ਦੀ
ਚੁੱਪ ਚਣੌਤੀ ਸਵੀਕਾਰਦੇ
ਜਾਗਦੇ ਵੀ ਸੁੱਤੇ ਹੋਣ ਦਾ ਢੌਂਗ ਰਚ ਰਹੇ ਹਾਂ
ਚੇਤੇ ਰੱਖਿਓ ਇਤਿਹਾਸ ਮੁਆਫ਼ ਨਹੀਂ ਕਰੇਗਾ
ਇਤਿਹਾਸ ਮਨੁੱਖੀ ਜ਼ਮੀਰ ਦੀ ਸੀਮਾ ਵੇਖ ਰਿਹਾ
ਸਵਾਲ ਸਦੀਆਂ ਨੇ ਪੁੱਛਣੇ ਨੇ
ਜਦੋਂ ਗਾਜ਼ਾ ਰਾਖ਼ ਦੀ ਢੇਰੀ ਬਣ ਰਿਹਾ ਸੀ
ਗਾਜ਼ਾ 'ਚ ਦੇਹਾਂ ਦਫ਼ਨ ਕਰਨ ਲਈ ਕਬਰਾਂ ਲਈ ਜਗ੍ਹਾ ਨਹੀਂ ਲੱਭ ਰਹੀ ਸੀ
ਉਸ ਸਮੇਂ ਸੰਸਾਰ ਭਰ ਦੇ ਜਾਗਰੂਕ ਕਹਾਉਣ ਵਾਲੇ ਕਿੱਥੇ ਸਨ ?
ਇਹ ਸਵਾਲ ਆਉਣ ਵਾਲੀਆਂ ਸਦੀਆਂ ਨੇ ਪੁੱਛਣੇ ਨੇ
ਇਤਿਹਾਸ ਚੀਕ - ਚੀਕ ਪੁੱਛੇਗਾ
ਇਹ ਦੁਨੀਆ ਕਿੱਥੇ ਸੀ?
ਕਿਵੇਂ ਚੁੱਪ ਚਾਪ ਨੰਗਾ ਨਾਚ ਵੇਖਦੀ ਰਹੀ ਇਹ ਦੁਨੀਆ
ਇਤਿਹਾਸ ਅਦਾਲਤ ਲਗਾਵੇਗਾ
ਗਵਾਹ ਹੋਣਗੀਆਂ
ਬਦਕਿਸਮਤ ਬੱਚੇ
ਵਿਲਕਦੀਆਂ ਬੱਚੀਆਂ
ਉਹ ਸਿਸਕੀਆਂ ਭਰਦੇ ਲੋੜਵੰਦ ਇਹ ਸਭ ਹੌਕਿਆਂ ਨਾਲ ਜ਼ਰੂਰ ਗਵਾਹੀ ਦੇਣਗੇ
ਬੰਜਰ ਜ਼ਮੀਨਾਂ
ਖੰਡਰ ਘਰ
ਇਤਿਹਾਸ ਦੀ ਅਦਾਲਤ ਨੂੰ
ਸਬੂਤ ਦਿਖਾਉਣਗੇ
ਸਵਾਲ ਫਿਜ਼ਾ ਚ ਗੂੰਜੇਗਾ
ਅਸੀਂ ਤੁਸੀਂ ਕਿੱਥੇ ਸੀ ?



**ਰਜਿੰਦਰ ਸਿੰਘ ਰਾਜਨ**
9876184954

## ਬਸ, ਇੰਨੇ ਵਿੱਚ ਘਬਰਾ ਗਏ

ਥੋੜੀ ਜਿਹੀ ਮੁਸੀਬਤ ਆਈ
ਬਸ ਇਨੇ ਵਿੱਚ ਘਬਰਾ ਗਏ।
ਸਾਥੀ ਸਾਥ ਕੀ ਛੱਡ ਗਿਆ
ਬਸ ਇਨੇ ਵਿੱਚ ਘਬਰਾ ਗਏ।
ਥੋੜੀ ਜਿਹੀ ਤੰਗੀ ਕੀ ਆਈ
ਬਸ ਇੰਨੇ ਵਿੱਚ ਹੀ ਘਬਰਾ ਗਏ।
ਥੋੜੀ ਜਿਹੀ ਖਟ ਪੱਟ ਕੀ ਹੋਈ
ਬਸ ਇੰਨੇ ਵਿੱਚ ਹੀ ਘਬਰਾ ਗਏ।
ਥੋੜੀ ਜਿਹੀ ਬਿਮਾਰੀ ਕੀ ਆਈ
ਬਸ ਇੰਨੇ ਵਿੱਚ ਹੀ ਘਬਰਾ ਗਏ।
ਵਿਰੋਧੀ ਨੇ ਧਮਕੀ ਕੀ ਦਿਤੀ
ਬਸ ਇੰਨੇ ਵਿੱਚ ਹੀ ਘਬਰਾ ਗਏ।
ਮਿਹਨਤ ਦਾ ਫਲ ਨਹੀਂ ਮਿਲਿਆ
ਬਸ ਇਨੇ ਵਿੱਚ ਹੀਂ ਘਬਰਾ ਗਏ।
ਗਲਤੀ ਤੇ ਵਡਿਆਂ ਨੇ ਝਾੜ ਪਾਈ
ਬਸ ਇਨੇ ਵਿੱਚ ਹੀ ਘਬਰਾ ਗਏ।
ਮਾਪਿਆਂ ਦੀ ਸੇਵਾ ਕਰਨੀ ਪਈ
ਬਸ ਇਨੇ ਵਿੱਚ ਹੀ ਘਬਰਾ ਗਏ।
ਫਰਜ ਪੂਰਾ ਕਰਨ ਦੀ ਵਾਰੀ ਆਈ
ਬਸ ਇਨੇ ਵਿੱਚ ਹੀ ਘਬਰਾ ਗਏ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
ਮੋਬਾਈਲ 94 16 35 90 45
ਰੋਹਤਕ 12 40 01 ਹਰਿਆਣਾ



# ਬੁੱਧ ਚਿੰਤਨ: ਬਿਨ ਤਰਿਆਂ ਦਰਿਆ ਪਾਰ ਨਹੀਂ ਹੁੰਦਾ !

ਜ਼ਿੰਦਗੀ ਸ਼ੂਕਦੇ ਦਰਿਆ ਵਰਗੀ ਹੁੰਦੀ ਹੈ। ਇਸਨੂੰ ਪਾਰ ਕਰਨ ਲਈ ਹੌਸਲਾ, ਮਿਹਨਤ ਤੇ ਦ੍ਰਿੜ੍ਹਤਾ ਦੀ ਲੋੜ ਹੁੰਦੀ ਹੈ। ਵਖਤੁ ਸਭ ਕੁੱਝ ਸਿਖਾ ਦੇਂਦਾ ਹੈ। ਤੁਹਾਡੇ ਅੰਦਰ ਕੁੱਝ ਸਿੱਖਣ ਤੇ ਕਰਨ ਦੀ ਲਗਨ ਹੋਵੇ।

ਸਾਹਿਤਕਾਰ, ਸੰਗੀਤਕਾਰ, ਅਦਾਕਾਰ, ਚਿਤਰਕਾਰ ਬਨਣ ਲਈ ਮੰਜ਼ਿਲ ਤਾਂ ਨੇੜੇ ਹੈ, ਪਰ ਰਸਤਾ ਬੜਾ ਬਿਖੜਾ ਹੈ ਪਰ ਮਿਹਨਤ, ਸਿਦਕ, ਸ਼ਕਤੀ, ਚਾਅ, ਸੁਪਨੇ, ਦ੍ਰਿੜਤਾ ਤੇ ਆਪਣਾ ਸਾਰਾ ਧਿਆਨ ਇੱਕ ਥਾਂ 'ਤੇ ਕੇਂਦਰ ਕਰਨ ਨਾਲ ਕੁੱਝ ਵੀ ਬਣਿਆ ਜਾ ਸਕਦਾ ਹੈ। ਕਿਸੇ ਦੀ ਰੂਹ ਨੂੰ ਆਪਣੀ ਰੂਹ ਵਿੱਚ ਸ਼ਾਮਲ ਕਰ ਲੈਣਾ ਤਾਂ ਔਖਾ ਹੁੰਦਾ ਹੈ, ਪਰ ਜੇ ਰੂਹ ਤੁਹਾਡੇ ਅੰਦਰ ਪ੍ਰਵੇਸ਼ ਕਰ ਜਾਵੇ ਤਾਂ ਇਹ ਕੋਈ ਔਖਾ ਨਹੀਂ ਹੁੰਦਾ ਪਰ ਅਸੀਂ ਇਸ ਰਸਤੇ ਤੁਰਦੇ ਨਹੀਂ। ਵੱਡੇ ਵੱਡੇ ਫਨਕਾਰ, ਗਾਇਕ ਤੇ ਸਾਹਿਤਕਾਰ ਅਕਸਰ ਹੀ ਆਪਣੀ ਮੁਲ-ਾਕਾਤ ਮੌਕੇ ਇਹ ਝੂਠ ਬੋਲਦੇ ਹਨ, ਕਿ "ਇਹ ਤਾਂ ਉਨ੍ਹਾਂ ਨੂੰ ਕੁਦਰਤ ਵੱਲੋਂ ਮਿਲਿਆ ਤੋਹਫਾ ਹੈ।" ਅਸਲ ਵਿੱਚ ਇਹ ਸਭ ਕੁੱਝ ਉਨਾਂ ਦੇ ਅਭਿਆਸ ਦਾ ਸਿੱਟਾ ਹੁੰਦਾ ਹੈ। ਅਭਿਆਸ, ਮਿਹਨਤ, ਲਗਨ ਤੇ ਕੁੱਝ ਬਣਨ ਦੀ ਤਮੰਨਾ ਸਭ ਕੁੱਝ ਬਣਾ ਦੇਂਦੀ ਹੈ । ਪ੍ਰੰਤੂ ਅਸੀਂ ਬਿਨਾਂ ਮਿਹਨਤ ਕੀਤਿਆਂ ਸਫ਼ਲਤਾ ਹਾਸਲ ਕਰਨ ਲਈ ਭਟਕਦੇ ਰਹਿੰਦੇ ਹਾਂ। ਅਭਿਆਸ ਇੱਕ ਦਿਨ ਰੰਗ ਹੀ ਲਿਆਉਂਦਾ ਹੈ। ਲੋੜ ਤਾਂ ਹੁੰਦੀ ਹੈ, ਜ਼ਿੰਦਗੀ ਵਿੱਚ ਰੰਗ ਭਰਨ ਦੀ। ਜਿਸ ਨੂੰ ਜ਼ਿੰਦਗੀ ਵਿੱਚ ਰੰਗ ਭਰਨਾ ਆਉਂਦਾ ਹੈ, ਉਹ ਕਦੇ ਵੀ ਉਦਾਸ ਨਹੀਂ ਹੁੰਦਾ। ਸਗੋਂ ਹਰ ਵੇਲੇ ਖਿੜਿਆ ਰਹਿੰਦਾ ਹੈ। ਖਿੜੇ ਰਹਿਣ ਲਈ ਖੁਦ ਖਿੜਨਾ ਪੈਂਦਾ ਹੈ। ਸ਼ਬਦਾਂ ਦੇ ਜਾਦੂਗਰ ਅਕਸਰ ਹੀ ਆਪਣੇ ਵਹਾਅ ਵਿੱਚ ਭੀੜ ਨੂੰ ਨਾਲ ਲੈ ਤੁਰਦੇ ਹਨ। ਉਨਾਂ ਅੰਦਰ ਇਹ ਮੁਹਾਰਤ ਇੱਕ ਦਿਨ ਵਿੱਚ ਨਹੀਂ ਆਉਂਦੀ । ਇਸ ਦੇ ਪਿਛੇ ਲੰਮੇ ਅਧਿਐਨ ਤੇ ਅਭਿਆਸ ਦਾ ਸਿੱਟਾ ਹੁੰਦਾ ਹੈ ਪਰ ਅਸੀਂ ਸਿੱਟੇ 'ਤੇ ਪਹਿਲਾਂ ਪੁੱਜਦੇ ਹਾਂ, ਤੁਰਦੇ ਬਾਅਦ ਵਿੱਚ ਹਾਂ। ਇਸੇ ਕਰਕੇ ਅਸੀਂ ਅਸਫਲ ਹੁੰਦੇ ਹਾਂ। ਹਰ ਸਫਲਤਾ ਦੀ ਹਰਕਤ ਪਹਿਲਾਂ ਮਨੁੱਖ ਦੇ ਮਨ ਵਿੱਚ ਅੰਗੜਾਈ ਭਰਦੀ ਹੈ, ਫਿਰ ਉਹ ਕਾਗਜ਼ 'ਤੇ ਉਤਰਕੇ ਹਕੀਕਤ ਦਾ ਰੂਪ ਅਖਿਤਿਆਰ ਕਰਦੀ ਹੈ। ਅਸੀਂ ਰੂਪ ਨੂੰ ਵੇਖ ਕੇ ਪਹਿਲਾਂ ਚਕਾਚੌਂਧ ਹੁੰਦੇ , ਪਰ ਮਨ ਅੰਦਰ ਕੋਈ ਸੁਪਨਾ, ਕੋਈ ਇੱਛਾ, ਤਾਂਘ ਨਾ ਹੋਣ ਕਰਕੇ ਹੱਥ ਮਲਦੇ ਰਹਿ ਜਾਂਦੇ ਹਾਂ।

ਹਰ ਮਨੁੱਖ ਹਰ ਵੇਲੇ ਇੱਕ ਅਦਾਕਾਰ ਵਾਂਗ ਜ਼ਿੰਦਗੀ ਵਿੱਚ ਅਦਾਕਾਰੀ ਕਰਦਾ ਹੈ, ਹਰ ਦੀ ਅਦਾਕਾਰੀ ਕਿਸੇ ਦੇ ਨਾਲ ਨਹੀਂ ਜੁੜਦੀ! ਜਿਹੜੇ ਕਿਸੇ ਦੀ ਨਕਲ ਕਰਦੇ ਹਨ, ਉਹ ਆਪਣੀ ਹੋਂਦ ਗੁਆ ਲੈਂਦੇ ਹਨ। ਆਪਣੀ ਹੋਂਦ ਗਵਾਉਣੀ ਉਨ੍ਹਾਂ ਦੇ ਹਿੱਸੇ ਹੀ ਆਉਂਦੀ ਜਿਹੜੇ ਦੂਸਰਿਆਂ ਦੇ ਨਕਸ਼ੇ ਕਦਮਾਂ 'ਤੇ ਤੁਰਦੇ ਹਨ। ਦਰਿਆਵਾਂ ਦਾ ਆਪਣਾ ਕੋਈ ਵਹਿਣ ਨਹੀਂ ਹੁੰਦਾ। ਦਰਿਆ ਆਪਣੇ ਵਹਿਣ ਖੁਦ ਬਣਾਉਂਦੇ ਹਨ। ਪਾਣੀ ਦਾ ਵੇਗ ਆਪਣੇ ਆਪ ਰਸਤੇ ਬਣਾਉਂਦਾ ਵਗਦਾ ਰਹਿੰਦਾ ਹੈ। ਵਗਦੇ ਪਾਣੀਆਂ ਦੇ ਨਾਲ ਨਾਲ ਤੁਰਨਾ ਤਾਂ ਸੌਖਾ ਹੈ, ਪਰ ਆਪਣਾ ਰਾਹ ਆਪ ਬਣਾਉਣਾ ਦਰਿਆਵਾਂ ਤੋਂ ਹੀ ਸਿੱਖਿਆ ਜਾ ਸਕਦਾ ਹੈ। ਨਿੱਕੇ ਬੱਚੇ ਨੂੰ ਬੋਲਣਾ, ਤੁਰਨਾ, ਹੱਸਣਾ ਤਾਂ ਕੋਈ ਨਹੀਂ ਸਿਖਾਉਂਦਾ, ਪੰਛੀਆਂ ਦਾ ਕੋਈ ਅਧਿਆਪਕ ਨਹੀਂ ਹੁੰਦਾ। ਉਨ੍ਹਾਂ ਦਾ ਅਧਿਆਪਕ ਤਾਂ ਉਨ੍ਹਾਂ ਦੀ ਅੱਖ ਤੇ ਸੋਝੀ ਹੁੰਦੀ ਹੈ। ਜਿਹੜੀ ਉਨ੍ਹਾਂ ਨੂੰ ਉਡਣਾ ਸਿਖਾਉਂਦੀ ਹੈ। ਉਡਣਾ ਕੋਈ ਔਖਾ ਰਸਤਾ ਨਹੀਂ, ਅਸੀਂ ਅਕਸਰ ਹੀ ਹਵਾ ਵਿੱਚ ਉਡਦੇ ਰਹਿੰਦੇ ਹਾਂ, ਪਰ ਧਰਤੀ ਦੀ ਖਿੱਚ ਪਰਿਵਾਰ ਦਾ ਮੋਹ, ਸਾਨੂੰ ਸਦਾ ਧਰਤੀ ਨਾਲ ਜੋੜੀ ਰੱਖਦਾ ਹੈ।

ਸ਼ਬਦਾਂ ਦੇ ਵਣਜਾਰੇ ਆਪਣੀਆਂ ਲਿਖਤਾਂ ਵਿੱਚ ਤਾਂ ਨਿਜ਼ਾਮ ਬਦਲਣ ਦੀਆਂ ਟਾਹਰਾਂ ਤਾਂ ਮਾਰਦੇ ਹਨ, ਪਰ ਜਦੋਂ ਸੱਤਾ ਮਾਇਆ ਦੀ ਛੱਤਰੀ ਤਾਣਦੀ ਹੈ, ਤਾਂ ਉਹ ਉਡਾਰੀ ਮਾਰ ਕੇ ਉੱਥੇ ਉਤਰ ਜਾਂਦੇ ਹਨ। ਇਸੇ ਕਰਕੇ ਹੁਣ ਲਿਖਤਾਂ ਦੇ ਨਾਲ ਕੋਈ ਲਹਿਰ ਨੀਂ ਉਸਰਦੀ। ਹੁਣ ਬਹੁਤ ਕੁੱਝ ਲਿਖਿਆ ਜਾ ਰਿਹਾ ਹੈ ਪ੍ਰੰਤੂ ਸਮਾਜ ਅੰਦਰ ਚੇਤਨਾ ਪੈਦਾ ਕਰਨ ਵਾਲਾ ਸਾਹਿਤ ਆਟੇ ਵਿੱਚ ਲੂਣ ਬਰਾਬਰ ਹੈ। ਨਾ ਸਮਾਜ ਵਿਚ ਕੋਈ ਅਜਿਹੀ ਲਹਿਰ ਉਠ ਰਹੀ ਹੈ ਜਿਸ ਨਾਲ ਨਵੇਂ ਸਮਾਜ ਦੀ ਸਿਰਜਣਾ ਹੋ ਸਕੇ। ਜਿੱਥੇ ਕਿਤੇ ਕੋਈ ਲਹਿਰ ਉਠਦੀ ਹੈ ਉਸਨੂੰ ਸਤਾ ਡੰਡੇ ਦੇ ਜ਼ੋਰ ਨਾਲ ਦਬਾਅ ਦੇਂਦੀ ਹੈ, ਪਰ ਜਿਸ ਤਰਾਂ ਹੁਣ ਕਿਤੋਂ ਕਿਤੋਂ ਅੱਗ ਉਠ ਰਹੀ ਹੈ, ਇਹ ਜਰੂਰ ਕੋਈ ਰੰਗ ਲਿਆ ਸਕਦੀ ਹੈ।

ਆਪਣੇ ਹੱਡਾਂ ਦਾ ਬਾਲਣ ਬਾਲ ਕੇ ਆਪਣਾ ਢਿੱਡ ਪਕਾਉਣਾ ਤਾਂ ਸੌਖਾ ਹੁੰਦਾ ਹੈ, ਪਰ ਕਿਸੇ ਭਾਗੋਂ ਦੇ ਪਕਵਾਨ ਖਾਣੇ ਬਹੁਤ ਔਖੇ ਹੁੰਦੇ ਹਨ। ਆਪਣੇ ਹੀ ਖੇਤਾਂ ਵਿੱਚ ਪਰਾਇਆਂ ਵਾਂਗ ਸਿਲਾ ਚੁਗਿਆ ਤਾਂ ਜਾ ਸਕਦਾ ਹੈ, ਪਰ ਕਿਸੇ ਲਈ ਛੱਤ ਜਾਂ ਬਾਂਹ ਨਹੀਂ ਬਣਿਆ ਜਾ ਸਕਦਾ। ਜੜਾਂ ਨਾਲੋਂ ਟੁੱਟ ਕੇ , ਬੇਗਾਨੀ ਥਾਂ ਜਾ ਕੇ ਧੁੱਪ ਤਾਂ ਮਾਣੀ ਜਾ ਸਕਦੀ ਹੈ, ਪਰ ਕਿਸੇ ਲਈ ਫੁੱਲ ਤੇ ਫ਼ਲ ਨਹੀਂ ਬਣਿਆ ਜਾ ਸਕਦਾ।

ਸ਼ੋਹਰਤ ਦੀ ਹਨੇਰੀ ਜੜ੍ਹਾਂ ਉਖਾੜ ਸਕਦੀ ਹੈ, ਪਰ ਆਪਣੀਆਂ ਜੜ੍ਹਾਂ ਨਾਲ ਬੱਝੇ ਰਹਿਣਾ ਵੀ ਕੋਈ ਸੌਖਾ ਨਹੀਂ ਹੁੰਦਾ। ਮਨੁੱਖ ਪਰਵਾਸ ਨਹੀਂ ਕਰਦਾ ਸਗੋਂ ਢਿੱਡ ਪਰਵਾਸ ਕਰਦਾ ਹੈ, ਇਸੇ ਕਰਕੇ ਅਸੀਂ ਆਪਣੇ ਢਿੱਡ ਦੇ ਰਖਵਾਲੇ ਬਣ ਜਾਂਦੇ ਹਾਂ। ਉਹ ਫਿਰ ਆਪਣੇ ਆਪ ਦੀ ਹੀ ਪ੍ਰਕਰਮਾ ਕਰਦੇ ਹਨ। ਉਹ ਨਾਇਕ ਤੋਂ ਖਲਨਾਇਕ ਬਣਾ ਜਾਂਦੇ ਹਨ। ਉਹ ਆਪਣਿਆਂ ਲਈ ਜਿਊਂਦੇ ਹਨ ਤੇ ਮਰ ਜਾਂਦੇ ਹਨ।

ਜਿਹੜੇ ਦੂਜਿਆਂ ਦੇ ਲਈ ਸੋਚਦੇ ਹਨ ਤੇ ਉਨ੍ਹਾਂ ਦੇ ਕੰਮ ਆਉਦੇ ਹਨ। ਲੋਕ ਉਨ੍ਹਾਂ ਨੂੰ ਹੀ ਯਾਦ ਰੱਖਦੇ ਹਨ ।

ਸਮਾਜ ਵਿੱਚ ਮਹਾਂਨਾਇਕਾਂ ਅਤੇ ਨਾਇਕਾਂ ਦਾ ਇਸੇ ਕਰਕੇ ਕਾਲ ਪੈ ਗਿਆ, ਕਿ ਇਨ੍ਹਾਂ ਬੋਹੜਾਂ ਨੇ ਆਪਣੇ ਥੱਲੇ ਕੋਈ ਰੁੱਖ ਹੀ ਉੱਗਣ ਤੇ ਮੌਲਣ ਦਿੱਤਾ। ਇਸੇ ਕਰਕੇ ਚਾਰੇ ਪਾਸੇ ਖਲਨਾਇਕਾਂ ਦਾ ਬੋਲਬਾਲਾ ਹੋ ਗਿਆ, ਅਸੀਂ ਭਵਿੱਖਹੀਣ, ਜੜ੍ਹਹੀਣ, ਰੁਜ਼ਗਾਰਹੀਣ, ਦਿਸ਼ਾਹੀਣ ਹੋ ਗਿਆ ਹੈ ।ਇਸੇ ਕਰਕੇ ਸਵੈਵਾਦੀ ਹੋਏ ਹਾਂ, ਸਾਡੇ ਅੰਦਰੋਂ ਮਨੁੱਖ ਮਰ ਗਿਆ ਹੈ। ਉਹ ਬੰਦਾ ਮਰ ਗਿਆ ਹੈ, ਜਿਸਨੂੰ ਸਾਡੇ ਗੁਰੂਆਂ ਤੇ ਭਗਤਾਂ ਨੇ ਜਗਾਇਆ ਸੀ। ਸ਼ਰਧਾ ਦੇ ਭਰਤ ਨੇ ਸਾਨੂੰ ਗਿਆਨਹੀਣ ਬਣਾ ਦਿੱਤਾ ਹੈ। ਅਸੀਂ ਸ਼ਰਧਾ ਦੀਆਂ ਮੂਰਤੀਆਂ ਨੂੰ ਪੂਜਣ ਲੱਗੇ ਤੇ ਖੁਦ ਮੂਰਤੀਆਂ ਬਣ ਗਏ ਹਾਂ । ਅਸੀਂ ਮਾਨਵਵਾਦੀ ਨਹੀਂ ਸਗੋਂ ਪਦਾਰਥਵਾਦੀ ਹੋ ਗਏ ਹਾਂ। ਸਾਡੇ ਅੰਦਰ ਵਸਤੂਆਂ ਦੀ ਭਰਮਾਰ ਹੋ ਗਈ ਹੈ। ਇਸ ਕਰਕੇ ਅਸੀਂ ਹਰ ਵੇਲੇ ਬਾਹਰ ਨੂੰ ਭੱਜਦੇ ਤੇ ਦੌੜਦੇ ਰਹਿੰਦੇ ਹਾਂ। ਹੁਣ ਸਾਡੇ ਘਰ ਨਹੀਂ ਰਹੇ , ਗੋਦਾਮ ਬਣ ਗਏ, ਸਜੀਵ ਮਨੁੱਖ ਦੀ ਨਿਰਜੀਵ ਵਸਤੂਆਂ ਨੇ ਝੁਰਮੁਟ ਪਾਇਆ ਹੋਇਆ ਹੈ। ਇਸੇ ਕਰਕੇ ਮਨੁੱਖ ਸੰਵੇਦਨਾਹੀਣ ਹੋ ਗਿਆ ਹੈ।

ਲਿਖਣਾ ਕੋਈ ਔਖਾ ਕੰਮ ਨਹੀਂ, ਸੁਣਨਾ, ਪੜ੍ਹਨਾ, ਅਧਿਐਨ ਕਰਨਾ ਬੜਾ ਕੁੱਝ ਸਿਖਾ ਦਿੰਦਾ ਹੈ। ਬਹੁਤ ਘੱਟ ਲੋਕ ਹੁੰਦੇ ਹਨ ਜਿਹਨਾਂ ਦੇ ਖੂਨ ਵਿੱਚ ਕਲਾ ਹੁੰਦੀ ਹੈ। ਨਹੀਂ ਬਹੁਗਿਣਤੀ ਕਲਾ ਦੇ ਨਾਮ ਉਤੇ ਕਲਾ ਦਾ ਨਿਰਾਦਰ ਕਰਦੇ ਹਨ ।

ਚੁੱਪ ਰਹਿਣਾ ਤਾਂ ਚੰਗਾ ਹੈ ਪਰ ਗੂੰਗੇ ਬਣ ਜਾਣਾ ਖਤਰਨਾਕ ਹੁੰਦਾ ਹੈ। ਅਸੀਂ ਗੂੰਗੇ, ਬੋਲੇ ਤੇ ਅੰਨ੍ਹੇ ਹੋ ਗਏ ਹਾਂ । ਇਹ ਬੀਮਾਰੀ ਸਾਡੇ ਅੰਦਰ ਦਿਨੋਂ ਦਿਨ ਵਧ ਰਹੀ ਹੈ। ਸਾਡੀਆਂ ਜੀਭਾਂ ਠਾਕੀਆਂ ਹੋਈਆਂ ਹਨ।

ਬੋਲਣਾ ਤਾਂ ਮਾੜਾ ਨਹੀਂ ਹੁੰਦਾ ਪਰ ਸਦਾ ਬੋਲਦੇ ਰਹਿਣਾ, ਕੁੱਝ ਵੀ ਨਾ ਸੁਨਣਾ ਤੇ ਮੰਨਣਾ ਆਪਣਾ ਹੀ ਪਤਨ ਹੁੰਦਾ ਹੈ। ਤੁਰਦੇ ਰਹਿਣਾ ਤਾਂ ਚਾਹੀਦਾ ਹੈ ਪਰ ਕੋਹਲੂ ਦੇ ਬੈਲ ਦੀ ਵਾਂਗ ਇੱਕ ਥਾਂ ਉੱਤੇ ਘੁੰਮੀ ਜਾਣਾ ਸਭ ਤੋਂ ਖਤਰਨਾਕ ਹੁੰਦਾ ਹੈ। ਬਹੁਗਿਣਤੀ ਲੋਕ ਕੋਹਲੂ ਦੇ ਬੈਲ ਬਣ ਕੇ ਇਕੋ ਥਾਂ ਘੁੰਮ ਰਹੇ ਹਨ। ਉਹ ਤੁਰਦੇ ਨਹੀਂ।

ਅੱਖਾਂ ਖੋਲ੍ਹ ਕੇ ਤੁਰਨਾ ਤਾਂ ਚਾਹੀਦਾ ਹੈ, ਪਰ ਖੁੱਲ੍ਹੀਆਂ ਅੱਖਾਂ ਦੇ ਹੁੰਦਿਆਂ ਕਿਸੇ ਵਿੱਚ ਟਕਰਾਅ ਜਾਣਾ ਨਹੀਂ ਹੁੰਦਾ। ਅਸੀਂ ਇੱਕ ਦੂਜੇ ਵਿੱਚ ਟੱਕਰਾਂ ਮਾਰਦੇ ਫਿਰਦੇ ਹਾਂ।

ਰਸੂਲ ਹਮਜ਼ਾਤੋਵ-ਮੇਰੇ ਦਾਗਸਿਤਾਨ ਵਿੱਚ ਲਿਖਦਾ ਹੈ ਕਿ :

ਇਹ ਨਾ ਕਹੋ ਕਿ ਮੈਨੂੰ ਵਿਸ਼ਾ ਦਿਓ
ਸਗੋਂ ਇਹ ਕਹੋ, ਮੈਨੂੰ ਅੱਖਾਂ ਦਿਓ।

ਸਾਰਾ ਸੰਸਾਰ ਵਿਸ਼ਿਆਂ ਨਾਲ ਭਰਿਆ ਪਿਆ ਹੈ, ਲੋੜ ਤਾਂ ਅੱਖਾਂ ਦੀ ਹੈ। ਅੱਖਾਂ ਦੇ ਸੋਚ ਸਮਝ ਤੇ ਤਰਕਵਾਨ ਬੁੱਧੀ ਤਾਂ ਕਿ ਦੇਖਿਆ, ਸੁਣਿਆ, ਮੰਨਿਆ, ਕਿਵੇਂ ਨਵੇਂ ਸਿਰਜਿਆ ਜਾ ਸਕਦਾ ਹੈ। ਇਹ ਤਾਂ ਇਹੋ ਹੁੰਦਾ ਹੈ ਕਿ ਅਸੀਂ ਲਿਖਦੇ ਤੇ ਬੋਲਦੇ ਤਾਂ ਬਹੁਤ ਹਾਂ ਪਰ ਸੁਣਦੇ, ਪੜ੍ਹਦੇ ਤਾਂ ਬਿਲਕੁਲ ਹੀ ਨਹੀਂ। ਵਿਦਿਆ ਸਾਨੂੰ ਜਗਾਉਦੀ ਹੈ। ਸ਼ਬਦ ਗੁਰੂ ਸਾਡਾ ਮਾਗਰ ਹੁੰਦਾ ਹੈ ਤੇ ਇਸ ਉਤੇ ਵਿਚਾਰ ਕਰਨਾ, ਉਸ ਉਤੇ ਅਮਲ ਕਰਨਾ ਤਾਂ ਦੂਰ ਦੀ ਗੱਲ ਹੈ। ਅਸੀਂ ਸ਼ਬਦ ਗੁਰੂ ਨਾਲੋਂ ਟੁੱਟ ਗਏ ਹਾਂ। ਦੇਹਧਾਰੀ ਗੁਰੂਡੰਮ ਨਾਲ ਜੁੜ ਗਏ ਹਾਂ।

ਅਸੀਂ ਦੂਰ ਦੀਆਂ ਬਾਤਾਂ ਤਾਂ ਬਹੁਤ ਪਾਉਂਦੇ ਹਾਂ, ਪਰ ਨੇੜੇ ਹੋਣ ਵਾਸਤੇ ਕਦੇ ਸੋਚਦੇ ਨਹੀਂ। ਅਸੀਂ ਜੋ ਸੋਚਦੇ ਹਾਂ, ਉਸ ਤੇ ਅਮਲ ਨਹੀਂ ਕਰਦੇ, ਜੋ ਕਰਦੇ ਹਾਂ, ਉਸ ਵਾਰੇ ਸੋਚਦੇ ਨਹੀਂ।

ਸੂਰਜ ਵਾਂਗ ਚਾਨਣ ਵੰਡਣਾ ਬਹੁਤ ਔਖਾ ਹੁੰਦਾ ਹੈ, ਪਰ ਅਸੀਂ ਤਾਂ ਚਾਨਣ ਦੇ ਨਾ ਉਤੇ ਹਨੇਰ ਹੀ ਬੀਜਦੇ ਤੁਰੀ ਜਾ ਰਹੇ ਹਾਂ। ਇਸ ਕਰਕੇ ਸਾਡੇ ਚਾਰੇ ਪਾਸੇ ਸੂਲਾਂ, ਕੰਡੇ ਉੱਗ ਆਏ ਹਨ। ਮਿੱਤਰ ਤਾਂ ਬਨਾਉਣਾ ਸੌਖਾ ਹੁੰਦਾ ਹੈ, ਪਰ ਮਿੱਤਰ ਪਿਆਰੇ ਦੇ ਨਾਲ ਸੱਥਰ ਤੇ ਸੌਣਾ ਔਖਾ ਹੁੰਦਾ ਹੈ।

ਕੋਈ ਕੰਮ, ਔਖਾ ਨਹੀਂ ਹੁੰਦਾ, ਲੋੜ ਤਾਂ ਪਹਿਲਾਂ ਕਦਮ ਪੁੱਟਣ ਦੀ ਹੁੰਦੀ ਹੈ। ਅਸੀਂ ਕਦਮ ਪੁੱਟਣ ਤੋਂ ਪਹਿਲਾਂ ਹੀ ਮੰਜ਼ਿਲ ਤੱਕ ਪੁੱਜਣ ਦੀ ਸੋਚ ਰੱਖਦੇ ਹਾਂ। ਇਸੇ ਕਰਕੇ ਅਸੀਂ ਸੂਰਜ ਵਾਂਗ ਖੜੇ ਰਹਿੰਦੇ ਹਾਂ। ਜਿਹੜੇ ਧਰਤੀ ਬਣ ਕੇ ਘੁੰਮਦੇ ਹਨ, ਉਹੀ ਮੰਜ਼ਿਲ ਚੁੰਮਦੇ ਹਨ।

ਆਓ ਆਪਾਂ ਵੀ ਧਰਤੀ ਵਾਂਗ ਘੁੰਮੀਏ ਤਾਂ ਸੂਰਜ ਵਾਂਗ ਰੋਸ਼ਨੀ ਵੰਡੀਏ। ਐਵੇਂ ਹੀ ਨਾ ਕਿਸੇ ਨੂੰ ਭੰਡੀਏ! ਇਸ ਅੱਗ ਦੇ ਦਰਿਆ ਨੂੰ ਤਰੀਏ ਤੇ ਆਪਣੇ ਨਾਲ ਦੀ ਜਿਉਂਣ ਦੀਆਂ ਜੁਗਤਾਂ ਦੱਸੀਏ ਤੇ ਹੱਸੀਏ।

ਆਓ ਪਿਆਰ ਲਈਏ ਤੇ ਪਿਆਰ ਵੰਡੀ ਏ!



**ਬੁੱਧ ਸਿੰਘ ਨੀਲੋਂ**
**94643-70823**

# ਭੇਟ (ਜੋਗੀਆ ਆਜਾ ਵੇ) ਦੀ ਵੀਡੀਓ ਕੀਤੀ ਸ਼ੂਟ

ਸਿੱਧ ਜੋਗੀ ਬਾਬਾ ਬਾਲਿਕ ਨਾਥ ਜੀ ਦੀ ਮਹਿਮਾਂ ਦਾ ਗੁਣਗਾਣ ਕਰਦੀ ਭੇਟ ( ਜੋਗੀਆ ਆਜਾ ਵੇ ) ਦੀ ਵੀਡੀਓ ਹੋਈ ਸ਼ੂਟ ਇਸ ਭੇਟ ਨੂੰ ਗਾਇਕਾ ਬੇਬੀ ਏ ਕੌਰ ਅਮਰੀਤ ਕੌਰ ਅਤੇ ਵਿਸ਼ਾਲੀ ਰੱਤੂ ਵਲੋਂ ਗਾਇਆ ਗਿਆ ਹੈ, ਇਸ ਨੂੰ ਗੀਤਕਾਰ ਕੁਲਵੰਤ ਸਰੋਆ ਵਲੋਂ ਕਲਮ ਬੱਧ ਕੀਤਾ ਗਿਆ ਹੈ ਅਤੇ ਇਸ ਦੀ ਆਡੀਓ ਅਤੇ ਵੀਡੀਓ ਪ੍ਰੀਤ ਬਲਿਹਾਰ ਵਲੋਂ ਤਿਆਰ ਕੀਤੀ ਗਈ ਹੈ, ਵੀਡੀਓ ਬਣਾਉਣ ਸਮੇ ਨਰਿੰਦਰ ਬਾਵਾ, ਗੀਤਕਾਰ ਰਣਵੀਰ ਬੇਰਾਜ ਚੱਕ ਰਾਮੂੰ, ਗਾਇਕਾ ਅਤੇ ਗੀਤਕਾਰ ਪ੍ਰੀਤ ਬਲਿਹਾਰ, ਬੇਬੀ ਏ ਕੌਰ, ਵਿਸ਼ਾਲੀ ਰੱਤੂ ਹਾਜ਼ਰ ਸਨ, ਇਸ ਲਈ ਸਹਿਯੋਗ ਚਾਂਦੀ ਥੰਮਣ ਵਾਲੀਆ, ਸੰਘਾ ਡੰਡੇਵਾਲ, ਕਾਲਾ ਮਖਸੂਸਪਰੀ, ਮਨਮੀਤ ਕੌਰ, ਮੁਕੇਸ਼ ਕਟਾਰੀਆਂ ਵਾਲਾ, ਕਮਲ ਮੰਢਾਲੀ ਵਾਲਾ, ਦਲਜੀਤ ਰਾਏ,ਇਟਰਨੈਸ਼ਨਲ ਪ੍ਰਮੋਟਰ ਰਵੀ ਮਾਨ ਕੈਨੇਡਾ ਦਾ ਹੈ।



# ਮੁਹੱਲਾ ਗ੍ਰੀਨ ਐਵੀਨੀਊ ਬੰਗਾ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਛਬੀਲ ਲਗਾਈ ਗਈ



**ਬੰਗਾ (ਚਰਨਜੀਤ ਸੱਲ੍ਹਾਂ)** ਮੁਹੱਲਾ ਗ੍ਰੀਨ ਐਵੀਨੀਊ ਬੰਗਾ ਦੇ ਸਮੂਹ ਨਿਵਾਸੀਆਂ ਵਲੋਂ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਜਸਵਿੰਦਰ ਸਿੰਘ ਮਾਨ ਐਮ.ਸੀ, ਜੀਤ ਸਿੰਘ ਭਾਟੀਆ ਐਮ.ਸੀ, ਹੇਮੰਤ ਤੇਜਪਾਲ ਜੱਥਾ ਐਮ.ਸੀ,ਸਤਨਾਮ ਸਿੰਘ ਪਰਮਾਰ ਸੇਵਾਮੁਕਤ ਸੀਨੀਅਰ ਆਡਿਟ ਅਫਸਰ, ਕਿਰਪਲ ਸਿੰਘ ਝੱਲੀ ਸੇਵਾਮੁਕਤ ਜਿਲਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ,ਸੰਤੋਖ ਦਾਸ ਸੇਵਮੁਕਤ ਪ੍ਰਿੰਸੀਪਲ,ਚਰਨਜੀਤ ਸਿੰਘ ਦੋਸਾਂਝ ਸੇਵਾਮੁਕਤ ਪ੍ਰਿੰਸੀਪਲ,ਪਰਮਜੀਤ ਕੌਰ ਅਧਿਆਪਕ,ਸੁਨੀਤਾ ਅਧਿਆਪਕ, ਕਮਲਜੀਤ ਕੌਰ,ਰਾਜਬਿੰਦਰ ਕੌਰ ਦੋਸਾਂਝ, ਰੀਟਾ,ਵੀਰਪਾਲ ਕੌਰ,ਰਮਨਪ੍ਰੀਤ ਕੌਰ ਫਲੋਰਾ ਅਤੇ ਮੁਹੱਲਾ ਗ੍ਰੀਨ ਐਵੀਨਿਊ ਨਿਵਾਸੀ ਹਾਜਰ ਸਨ।

# ਜਿਹੜੇ ਲੋਕ ਆਪਣੇ ਕੋਲ ਰੂਹਾਨੀ ਜਾਂ ਅਲੌਕਿਕ ਸ਼ਕਤੀਆਂ ਹੋਣ ਦਾ ਪਖੰਡ ਕਰਦੇ ਹਨ ਉਹ ਮਨੋਰਗ ਦੇ ਸ਼ਿਕਾਰ ਜਾਂ ਧੋਖੇਬਾਜ਼ ਹਨ: ਡਾਕਟਰ ਕਾਵੂਰ




ਡਾ. ਅਬਰਾਹਮ ਥੌਮਸ ਕਾਵੂਰ, ਜਿਸਨੇ ਜ਼ਿੰਦ.ਗੀ ਭਰ ਲੋਕਾਂ ਨੂੰ ਅੰਧਵਿਸ਼ਵਾਸ ਦੀ ਥਾਂ ਤਰਕ ਨਾਲ ਸੋਚਣਾ ਸਿਖਾਇਆ, ਜੀ ਦਾ ਜਨਮ 1898 ਵਿੱਚ ਤਿਰੂਵਾਲਾ,ਕੇਰਲਾ ਵਿਖੇ ਗਿਰਜੇ ਦੇ ਪੁਜਾਰੀ ਰੈਵ ਕਾਵੂਰ ਦੇ ਘਰ ਹੋਇਆ,ਉਸਨੇ ਮੁੱਢਲੀ ਪੜ੍ਹਾਈ ਪਿਤਾ ਦੇ ਸਕੂਲ 'ਚ ਕੀਤੀ।ਫਿਰ ਛੋਟੇ ਭਰਾ ਨਾਲ ਕਲਕੱਤੇ 'ਚ ਜੀਵ ਤੇ ਬਨਸਪਤੀ ਵਿਗਿਆਨ ਦੀ ਵਿਸ਼ੇਸਤਾ ਹਾਸਲ ਕੀਤੀ।1928 ਨੂੰ ਲੰਕਾ ਵਿੱਚ ਉੱਥੋਂ ਦੇ ਪ੍ਰਿੰਸੀਪਲ ਦੇ ਸੱਦੇ ਤੇ ਚਲਾ ਗਿਆ। ਪ੍ਰਿੰਸੀਪਲ ਦੀ ਮੌਤ ਤੋਂ ਬਾਦ ਕਾਲਜ ਵਿੱਚ ਨੌਕਰੀ ਕਰ ਲਈ,1959 ਵਿੱਚ ਸੇਵਾ ਮੁਕਤ ਹੋਣ ਤੇ ਮਨੋਵਿਗਿਆਨਕ, ਚਮਤਕਾਰਾਂ ਤੇ ਲਿਖਣਾ ਤੇ ਬੋਲਣਾ ਸ਼ੁਰੂ ਕਰ ਦਿੱਤਾ। ਡਾਕਟਰ ਨੇ ਲੰਕਾ ਵਿੱਚ ਤਰਕਸ਼ੀਲ ਸੁਸਾਇਟੀ ਬਣਾਈ ਤੇ ਉਥੋਂ ਦੀ ਜਥੇਬੰਦੀ ਦੇ ਪ੍ਰਧਾਨ ਵੀ ਰਹੇ।ਦੁਨੀਆਂ ਦੇ ਉਹ ਪਹਿਲੇ ਮਨੋਚਕਤਿਸਕ ਸਨ ਜਿਸਨੂੰ ਪੀ ਐਚ ਡੀ ਦੀ ਡਿਗਰੀ ਮਿਲੀ।ਅਮਰੀਕਾ ਦੀ ਮਿਨਸੋਟਾ ਸੰਸਥਾ ਨੇ ਵੀ ਪੀ ਐਚ ਡੀ ਦੀ ਡਿਗਰੀ ਦਿੱਤੀ।ਉਸਦੇ ਬਹੁਤ ਸਾਰੇ ਕੇਸਾਂ ਦੀ ਪੜਤਾਲ ਅਖਬਾਰਾਂ ਤੇ ਰਸਾਲਿਆਂ 'ਚ ਛਪੀ।ਇਕ ਕੇਸ ਤੇ ਮਲਿਅਮ ਫਿਲਮ ਬਣੀ,ਇਕ ਹੋਰ ਕੇਸ ਤੇ ਤਾਮਿਲ ਡਰਾਮਾ *ਨੰਬੀ* *ਕਾਈ* ਵੀ ਕਈ ਵਾਰ ਖੇਡਿਆ ਗਿਆ।ਉਸਨੇ ਭੋਲੇ ਭਾਲੇ ਲੋਕਾਂ ਨੂੰ ਭੂਤਾਂ ਪ੍ਰੇਤਾਂ,ਜੋਤਸ਼ੀਆਂ,ਹਸਤ ਰੇਖਾ ਵੇਖਣ ਵਾਲਿਆਂ,ਟੂਣਾ ਕਰਨ ਵਾਲਿਆਂ,ਕਾਲੇ ਇਲਮ ਤੇ ਹੋਰ ਗੈਬੀ ਸ਼ਕਤੀਆਂ ਵਾਲਿਆਂ ਤੋਂ ਬਚਾਉਣ ਦੀ ਕੋਸ਼ਿਸ ਕੀਤੀ।ਉਹ ਭੂਤ ਪ੍ਰੇਤ ਲੱਭਣ ਲਈ ਕਬਰਸਤਾਨਾਂ ਤੇ ਡਰਾਉਣੇ ਘਰਾਂ ਵਿੱਚ ਸੌਂਦਾ ਰਿਹਾ। ਜ਼ਿੰਦਗੀ ਦੇ ਮਹੱਤਵਪੂਰਨ ਕੰਮ ਬਦਸ਼ਗਨੀ ਕਹਿਲਾਉਂਦੇ ਮੌਕਿਆਂ 'ਤੇ ਸ਼ੁਰੂ ਕੀਤੇ।ਉਸ ਨੇ 1963 ਵਿੱਚ ਪਾਖੰਡੀਆਂ ਤੇ ਧੋਖੇਬਾਜਾਂ ਨੂੰ ਸੀਲ ਬੰਦ ਨੋਟ ਦਾ ਨੰਬਰ ਦਸ ਕੇ 1000 ਤੋਂ 25000 ਰੁ ਦਾ ਇਨਾਮ ਜਿੱਤਣ ਦੀ ਚੁਣੌਤੀ ਦਿੱਤੀ।ਫਿਰ ਭੂਤ ਦੀ ਫੋਟੋ ਖਿੱਚਣ,ਜਾਦੂ ਟੂਣੇ ਨਾਲ ਮਾਰਨ,ਪਾਣੀ ਤੇ ਤੁਰਕੇ ਵਿਖਾਉਣ, ਪਾਣੀ ਨੂੰ ਖੂਨ ਤੇ ਖੂਨ ਨੂੰ ਪਾਣੀ ਵਿੱਚ ਬਦਲਣ, ਹੱਥ ਵੇਖ ਕੇ ਭਵਿੱਖ ਦੱਸਣ ਤੇ ਪੁਨਰ-ਜਨਮ ਦੀਆਂ ਚਣੌਤੀਆਂ (23 ਸ਼ਰਤਾਂ) ਦਿੰਦਾ ਰਿਹਾ।ਉਸਨੇ ਪ੍ਰਚਾਰ ਲਈ ਭਏਗੋਨਏ ਘੋਦਮਏਨ ( *ਦੇਵ ਪੁਰਸ਼ ਹਾਰ ਗਏ* ) ਕਿਤਾਬ ਲਿਖੀ ਤੇ ਉਸਦੇ ਵਿਚਾਰਾਂ ਦੀ ਇਕ ਹੋਰ ਕਿਤਾਬ ' *ਦੇਵ,ਦੂਤ ਤੇ ਰੂਹਾਂ'* ਵੀ ਹੈ।ਪੰਜਾਬ ਦੀਆਂ ਵੱਖ ਵੱਖ ਰੰਗ ਮੰਚ ਦੀਆਂ ਨਾਟਕ ਟੀਮਾਂ ਵਲੋ 'ਦੇਵ ਪੁਰਸ਼ ਹਾਰ ਗਏ' ਨਾਟਕ ਪਿੰਡ ਪਿੰਡ ਤੋਂ ਇਲਾਵਾ ਦੇਸ਼ ਵਿਦੇਸ਼ ਵਿੱਚ ਸੈਂਕੜੇ ਵਾਰ ਖੇਡਿਆ ਜਾ ਚੁੱਕਾ ਹੈ।

ਡਾਕਟਰ ਕਾਵੂਰ ਨੇ ਦੂਰ ਦੂਰ ਤੱਕ ਯਾਤਰਾ ਕੀਤੀ ਅਤੇ ਬਹੁਤ ਸਾਰੇ ਦੇਸ਼ਾਂ ਵਿਚ ਵੱਡੇ ਇਕੱਠ ਨੂੰ ਸੰਬੋਧਨ ਕੀਤਾ , ਉਨ੍ਹਾਂ ਦੀ ਪੜਤਾਲ ਦੁਨੀਆਂ ਭਰ ਵਿਚ ਕਈ ਮੈਗਜ਼ੀਨਾਂ ਅਖ਼ਬਾਰਾਂ ਵਿਚ ਛਪ ਚੁੱਕੀਆਂ ਹਨ।ਡਾ ਕਾਵੂਰ ਨੇ ਆਪਣਾ ਤੇ ਪਤਨੀ ਦਾ ਮ੍ਰਿਤਕ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਦਿੱਤਾ।ਉਹ ਸਾਡੇ ਕੋਲੋਂ 1978 ਨੂੰ ਸਦਾ ਲਈ ਵਿਛੜ ਗਏ, ਉਨਾਂ ਦੇ ਵਿਚਾਰ ਹਮੇਸ਼ਾਂ ਸਾਡੇ ਮਾਰਗ ਦਰਸ਼ਕ ਕਰਦੇ ਰਹਿਣਗੇ।

**ਮਾਸਟਰ ਪਰਮ ਵੇਦ**
**ਤਰਕਸ਼ੀਲ ਆਗੂ**
**9417422349**

# ਗਰਮੀਆਂ ਦੀਆਂ ਛੁੱਟੀਆਂ ਦਾ ਆਨੰਦ ਕਿਵੇਂ ਮਾਣੀਏ



ਪੰਜਾਬ ਵਿੱਚ ਗਰਮੀਆਂ ਦੀਆਂ ਛੁੱਟੀਆਂ ਦੀ ਬੱਚਿਆਂ ਅਤੇ ਉਹਨਾਂ ਦੇ ਮਾਤਾ ਪਿਤਾ ਲਈ ਬਹੁਤ ਮਹੱਤਤਾ ਹੈ। ਗਰਮੀਆਂ ਦੀਆਂ ਛੁੱਟੀਆਂ ਆਉਣ ਤੋਂ ਪਹਿਲਾਂ ਹੀ ਬਹੁਤੇ ਲੋਕ ਘੁੰਮਣ ਫਿਰਨ ਦੀਆਂ ਯੋਜਨਾਵਾਂ ਬਣਾਉਣ ਲੱਗ ਜਾਂਦੇ ਹਨ । ਜੂਨ ਦਾ ਮਹੀਨਾ ਹੀ ਇੱਕ ਇਹੋ ਜਿਹਾ ਮਹੀਨਾ ਹੁੰਦਾ ਹੈ ਜਿਸ ਦੌਰਾਨ ਉਹ ਸਾਲ ਭਰ ਦੀ ਭੱਜ ਦੌੜ ਤੋਂ ਅਤੇ ਜੂਨ ਮਹੀਨੇ ਦੀ ਵਰ੍ਹਦੀ ਅੱਗ ਵਰਗੀ ਗਰਮੀ ਤੋਂ ਥੋੜ੍ਹੀ ਰਾਹਤ ਹਾਸਿਲ ਕਰਨ ਲਈ ਪੂਰੇ ਪਰਿਵਾਰ ਸਹਿਤ ਇਕੱਠੇ ਯਾਦਗਾਰੀ ਸਮਾਂ ਬਿਤਾਉਣਾ ਚਾਹੁੰਦੇ ਹਨ। ਅਜਿਹਾ ਕਰਕੇ ਉਹ ਪੂਰੇ ਸਾਲ ਭਰ ਲਈ ਫਿਰ ਤੋਂ ਮਿਹਨਤ ਕਰਨ ਨੂੰ ਆਪਣੇ ਆਪ ਨੂੰ ਤਿਆਰ ਕਰਦੇ ਹਨ।

ਵੈਸੇ ਵੀ ਮਨੁੱਖ ਦੀ ਇਹ ਜਮਾਂਦਰੂ ਰੁਚੀ ਰਹੀ ਹੈ ਕਿ ਉਹ ਅਣਗਾਹੇ ਥਾਵਾਂ ਨੂੰ ਗਾਹੇ, ਅਣਦੇਖੀਆਂ ਥਾਵਾਂ ਤੇ ਜਾ ਕੇ ਘੁੰਮੇ ਫਿਰੇ, ਉੱਥੋਂ ਦੀ ਸੈਰ ਕਰੇ ਅਤੇ ਉੱਥੋਂ ਦੇ ਲੋਕਾਂ ਦੀ ਜ਼ਿੰਦਗੀ ਬਾਰੇ ਗਿਆਨ ਹਾਸਲ ਕਰੇ। ਅੱਜ ਕੱਲ੍ਹ ਬਹੁਤੇ ਲੋਕ ਕੇਵਲ ਇਸੇ ਰੁਚੀ ਦੀ ਤ੍ਰਿਪਤੀ ਲਈ ਨਹੀਂ ਸਗੋਂ ਜਿੱਥੇ ਇਸ ਮਹੀਨੇ ਪੈਣ ਵਾਲੀ ਅੱਤ ਦੀ ਗਰਮੀ ਤੋਂ ਰਾਹਤ ਪਾਉਣ ਲਈ ਜਾਂਦੇ ਹਨ ਉੱਥੇ ਹੀ ਕਈ ਲੋਕ ਸੋਸ਼ਲ ਮੀਡੀਆ ਤੇ ਆਪਣੇ ਆਪ ਨੂੰ ਦੁਨੀਆਂ ਸਾਹਮਣੇ ਬਹੁਤੇ ਅਮੀਰ ਹੋਣ ਦਾ ਦਿਖਾਵਾ ਕਰਨ ਲਈ ਵੀ ਘੁੰਮਣ ਫਿਰਨ ਜਾਂਦੇ ਹਨ। ਕਈ ਪਰਿਵਾਰਾਂ ਵਿੱਚ ਤਾਂ ਅਜਿਹਾ ਵੀ ਵੇਖਣ ਨੂੰ ਆਇਆ ਹੈ ਕਿ ਉਹ ਆਪਣੀ ਵਿੱਤੀ ਸਮਰਥਾ ਨਾ ਹੋਣ ਦੇ ਬਾਵਜੂਦ ਵੀ ਕਰਜ਼ਾ ਚੁੱਕ ਕੇ ਘੁੰਮਣ ਫਿਰਨ ਦੀ ਯੋਜਨਾ ਬਣਾਉਂਦੇ ਹਨ। ਕਈ ਨੌਜਵਾਨ ਹੁਲ੍ਹੜ ਬਾਜ ਵੀ ਘੁੰਮਣ ਫਿਰਨ ਦਾ ਬਹੁਤ ਸ਼ੌਂਕ ਰੱਖਦੇ ਹਨ ਜੋ ਆਪਣੇ ਮਾਪਿਆਂ ਦੀ ਕਮਜ਼ੋਰ ਆਰਥਿਕ ਸਥਿਤੀ ਨੂੰ ਨਾ ਸਮਝਦੇ ਹੋਏ ਉਹਨਾਂ ਤੋਂ ਜਬਰੀ ਮੋਟੀ ਰਕਮ ਵਸੂਲ ਕੇ ਘੁੰਮਣ ਜਾਂਦੇ ਹਨ । ਜਿਵੇਂ ਜਿਵੇਂ ਵਿਸ਼ਵੀਕਰਨ ਹੋ ਰਿਹਾ ਹੈ ਤੇ ਸੋਸ਼ਲ ਨੈੱਟਵਰਕਿੰਗ ਆਪਣੇ ਪੈਰ ਪਸਾਰ ਰਿਹਾ ਹੈ, ਤਿਵੇਂ ਤਿਵੇਂ ਸਾਡੇ ਪੰਜਾਬੀਆਂ ਵਿੱਚ ਜਿੱਥੇ ਘੁੰਮਣ ਫਿਰਨ ਦੀ ਰੁਚੀ ਵਿੱਚ ਵਾਧਾ ਹੋ ਰਿਹਾ ਹੈ ਉੱਥੇ ਹੀ ਉਹਨਾਂ ਵਿੱਚ ਆਪਣੇ ਘਰ ਦੀ ਚਾਰਦੀਵਾਰੀ ਦੇ ਅੰਦਰ ਦੇ ਰਿਸ਼ਤਿਆਂ ਤੋਂ ਇਲਾਵਾ ਬਾਕੀ ਰਿਸ਼ਤਿਆਂ ਪ੍ਰਤੀ ਖਿੱਚ,ਮੋਹ ਅਤੇ ਅਹਿਮੀਅਤ ਘੱਟ ਹੋ ਰਹੀ ਹੈ। ਇੱਕ ਸਮਾਂ ਅਜਿਹਾ ਹੁੰਦਾ ਸੀ ਕਿ ਗਰਮੀਆਂ ਦੀਆਂ ਛੁੱਟੀਆਂ ਆਉਣ ਵੇਲੇ ਬੱਚਿਆਂ ਨੂੰ ਮਾਵਾਂ ਆਪਣੇ ਪੇਕੇ ਲਿਜਾ ਕੇ ਜਿੱਥੇ ਉਹਨਾਂ ਅੰਦਰ ਰਿਸ਼ਤਿਆਂ ਵਿਚਲੀਆਂ ਮੋਹ ਦੀਆਂ ਦੀਆਂ ਤੰਦਾਂ ਨੂੰ ਮਜ਼ਬੂਤ ਕਰਦੀਆਂ ਸਨ ਉੱਥੇ ਹੀ ਉਹ ਰਿਸ਼ਤਿਆਂ ਦੀ ਅਹਿਮੀਅਤ ਵੀ ਸਿਖਾਉਂਦੀਆਂ ਸਨ। ਬੱਚਿਆਂ ਦਾ ਨਾਨਕੇ ਘਰ ਵਿਚਲੇ ਬੱਚਿਆਂ ਨਾਲ ਪਿਆਰ ਅਤੇ ਮਿਲਵਰਤਣ ਵਧਦਾ ਸੀ। ਇਸ ਰਾਹੀਂ ਉਹਨਾਂ ਨੂੰ ਆਪਣੇ ਆਉਣ ਵਾਲੇ ਸਮਾਜਿਕ ਰਿਸ਼ਤਿਆਂ ਨੂੰ ਨਿਭਾਉਣ ਦੀ ਜਾਚ ਸਿੱਖਣ ਨੂੰ ਮਿਲਦੀ ਸੀ ਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਰਿਸ਼ਤੇ ਵੀ ਪਿਆਰ ਭਰੇ ਅਤੇ ਮਜ਼ਬੂਤ ਹੁੰਦੇ ਸਨ। ਬੱਚਿਆਂ ਲਈ ਆਪਣੇ ਨਾਨਕੇ ਛੁੱਟੀਆਂ ਕੱਟਣ ਦਾ ਸਭ ਤੋਂ ਉੱਤਮ ਤੇ ਸੁਹਾਵਣਾ ਸਥਾਨ ਹੁੰਦਾ ਸੀ। ਔਰਤਾਂ ਵੀ ਬਹਾਨੇ ਨਾਲ ਆਪਣੇ ਪੇਕੇ ਰਹਿ ਕੇ ਥੋੜ੍ਹਾ ਵਕਤ ਬਿਤਾ ਕੇ ਆਪਣੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਕਰ ਆਉਂਦੀਆਂ ਸਨ।

ਸਮਾਜ ਵੀਕਲੀ ਨਿਊਜ਼

ਅੱਜ ਕੱਲ੍ਹ ਜਿਵੇਂ ਹੀ ਛੁੱਟੀਆਂ ਆਉਣ ਵਾਲੀਆਂ ਹੁੰਦੀਆਂ ਹਨ ਤਿਵੇਂ ਹੀ ਬਹੁਤੇ ਲੋਕਾਂ ਵੱਲੋਂ ਪਹਾੜੀ ਇਲਾਕਿਆਂ ਦੇ ਸਫ਼ਰ ਦੀਆਂ ਯੋਜਨਾਵਾਂ ਤਿਆਰ ਕੀਤੀਆਂ ਜਾਂਦੀਆਂ ਹਨ। ਪੰਜਾਬ ਦੇ ਗੁਆਂਢੀ ਪਹਾੜੀ ਰਾਜਾਂ ਵਿੱਚ ਜੂਨ ਦੇ ਮਹੀਨੇ ਵਿੱਚ ਹੋਟਲਾਂ ਦੇ ਕਿਰਾਏ , ਉੱਥੇ ਪਰੋਸੇ ਜਾਣ ਵਾਲੇ ਖਾਣੇ ਅਸਮਾਨ ਛੂਹਣ ਲੱਗਦੇ ਹਨ । ਉੱਥੇ ਘੁੰਮਣ ਫਿਰਨ ਵਾਲ਼ੀਆਂ ਖਾਸ ਥਾਵਾਂ ਤੇ ਟਿਕਟਾਂ ਦੇ ਰੇਟਾਂ ਵਿੱਚ ਵੀ ਵਾਧਾ ਹੋ ਜਾਂਦਾ ਹੈ। ਕਈ ਵਾਰ ਤਾਂ ਪਹਾੜਾਂ ਵੱਲ ਮੈਦਾਨੀ ਇਲਾਕਿਆਂ ਵੱਲੋਂ ਲੋਕਾਂ ਦੇ ਜਾਣ ਦਾ ਹੜ੍ਹ ਜਿਹਾ ਆਉਣ ਨਾਲ ਪਹਾੜੀ ਸੜਕਾਂ ਤੇ ਕਈ ਕਈ ਕਿਲੋਮੀਟਰ ਲੰਬੇ ਜਾਮ ਲੱਗੇ ਦਿਖਾਈ ਦਿੰਦੇ ਹਨ। ਇਹ ਸਥਿਤੀ ਤਾਂ ਪਿਛਲੇ ਕੁਝ ਕੁ ਸਾਲਾਂ ਤੋਂ ਹੀ ਹੋਣ ਲੱਗੀ ਹੈ ਜਦੋਂ ਤੋਂ ਹਰ ਕਿਸੇ ਕੋਲ ਆਪਣੇ ਆਪਣੇ ਸਾਧਨ ਭਾਵ ਗੱਡੀਆਂ ਆ ਗਈਆਂ ਹਨ।

ਪਹਾੜੀ ਇਲਾਕਿਆਂ ਵਿੱਚ ਗੱਡੀਆਂ ਦੇ ਧੂੰਏਂ ਅਤੇ ਉਨ੍ਹਾਂ ਵਿੱਚ ਲੱਗੇ ਏਸੀਆਂ ਵਿੱਚੋਂ ਨਿਕਲਣ ਵਾਲੀਆਂ ਗੈਸਾਂ ਕਾਰਨ ਉੱਥੇ ਦੇ ਵਾਤਾਵਰਨ ਦੀ ਤਪਸ਼ ਵਿੱਚ ਵਾਧਾ ਹੋਣ ਕਰਕੇ ਉੱਥੇ ਵੀ ਅੱਜ ਕੱਲ੍ਹ ਇਹੋ ਜਿਹੀਆਂ ਅਚਨਚੇਤ ਦੁਰਘਟਨਾਵਾਂ ਵਾਪਰਦੀਆਂ ਹਨ ਕਿ ਸੈਲਾਨੀਆਂ ਦਾ ਬਹੁਤ ਨੁਕਸਾਨ ਹੁੰਦਾ ਹੈ। ਬੱਦਲ਼ ਫਟਣ ਕਾਰਨ ਪੈਦਾ ਹੋਈਆਂ ਪ੍ਰਸਥਿਤੀਆਂ , ਲੈਂਡ ਸਲਾਈਡਿੰਗ (ਭੂ ਖਿਸਕਣ) ਜਾਂ ਭਾਰੀ ਬਰਫ਼ਬਾਰੀ ਕਾਰਨ ਘਿਰੇ ਸੈਲਾਨੀਆਂ ਦੇ ਪਿੱਛੇ ਘਰਾਂ ਵਿੱਚ ਬੈਠੇ ਪਰਿਵਾਰਾਂ ਦੀ ਜਾਨ ਮੁੱਠੀ ਵਿੱਚ ਆਈ ਰਹਿੰਦੀ ਹੈ ਜਿੰਨਾ ਚਿਰ ਤੱਕ ਉਹ ਵਾਪਸ ਨਾ ਆ ਜਾਣ। ਕਈ ਵਾਰ ਪਹਾੜੀ ਇਲਾਕਿਆਂ ਦੇ ਰਸਤਿਆਂ ਤੋਂ ਅਣਜਾਣ ਲੋਕ ਪਰਿਵਾਰਾਂ ਸਮੇਤ ਹੀ ਦੁਰਘਟਨਾਵਾਂ ਦਾ ਸ਼ਿਕਾਰ ਹੋ ਜਾਂਦੇ ਹਨ। ਆਏ ਦਿਨ ਡੂੰਘੀਆਂ ਖੱਡਾਂ ਵਿੱਚ ਗੱਡੀਆਂ ਡਿੱਗ ਜਾਣ ਕਾਰਨ ਜਾਂ ਨਦੀਆਂ ਦੇ ਤੇਜ਼ ਵਹਾਅ ਵਿੱਚ ਰੁੜ ਜਾਣ ਕਾਰਨ ਹਰੇਕ ਸਾਲ ਪਤਾ ਨਹੀਂ ਕਿੰਨੇ ਪਰਿਵਾਰ ਮੌਤ ਦੇ ਮੂੰਹ ਵਿੱਚ ਜਾ ਸਮਾਉਂਦੇ ਹਨ। ਇਸ ਤੋਂ ਇਲਾਵਾ ਬਹੁਤੇ ਹੁੱਲੜਬਾਜ਼ ਵੀ ਕਾਰਾਂ ਜਾਂ ਮੋਟਰਸਾਈਕਲਾਂ ਤੇ ਮੈਦਾਨੀ ਇਲਾਕਿਆਂ ਵਾਂਗ ਹੀ ਹੁੱਲੜਬਾਜ਼ੀ ਕਰਦੇ ਹੋਏ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇਹਨਾਂ ਸਭ ਗੱਲਾਂ ਤੋਂ ਸੁਚੇਤ ਹੋ ਕੇ ਹੀ ਛੁੱਟੀਆਂ ਦਾ ਆਨੰਦ ਮਾਣਨ ਲਈ ਕਿਧਰੇ ਵੀ ਘੁੰਮਣ ਫਿਰਨ ਜਾਣਾ ਚਾਹੀਦਾ ਹੈ । ਜੇ ਆਪਣੀਂ ਰਵਾਇਤੀ ਵਿਰਸੇ ਨੂੰ ਚਲਦਾ ਰੱਖਣ ਲਈ ਕਦੇ ਇੱਕ ਦੋ ਦਿਨ ਕਿਸੇ ਨਾ ਕਿਸੇ ਰਿਸ਼ਤੇਦਾਰੀ ਵਿੱਚ ਜਾਣ ਅਤੇ ਉਹਨਾਂ ਨੂੰ ਆਪਣੇ ਘਰ ਬੁਲਾਉਣ ਦੀ ਰੀਤ ਕਾਇਮ ਰੱਖੀ ਜਾਵੇ ਤਾਂ ਇਸ ਨਾਲ ਬੱਚਿਆਂ ਵਿੱਚ ਰਿਸ਼ਤਿਆਂ ਦੀ ਕਦਰ ਕਰਨ ਦੀ ਜਾਚ ਆਉਂਦੀ ਹੈ। ਛੁੱਟੀਆਂ ਦੌਰਾਨ ਬੱਚਿਆਂ ਨੂੰ ਮਾਪੇ ਕਈ ਤਰ੍ਹਾਂ ਦੀਆਂ ਰਚਨਾਤਮਕ ਕਲਾਵਾਂ ਨਾਲ਼ ਜੋੜ ਕੇ ਉਹਨਾਂ ਨੂੰ ਹੁਨਰਮੰਦ ਬਣਨ ਦੇ ਯੋਗ ਬਣਾ ਸਕਦੇ ਹਨ ਜਿਸ ਨਾਲ ਬੱਚੇ ਅੰਦਰ ਨਵੀਆਂ ਨਵੀਆਂ ਉਡਾਣਾਂ ਭਰਨ ਦਾ ਜੋਸ਼ ਅਤੇ ਜਜ਼ਬਾ ਪੈਦਾ ਕੀਤਾ ਜਾ ਸਕਦਾ ਹੈ। ਅਜਿਹਾ ਕਰਨ ਨਾਲ ਬੱਚੇ ਬੁਰੀ ਸੰਗਤ ਤੋਂ ਵੀ ਬਚ ਸਕਦੇ ਹਨ ਅਤੇ ਆਪਣੀਆਂ ਛੁੱਟੀਆਂ ਨੂੰ ਵੀ ਸਾਕ-ਾਰਾਤਮਕ ਤਰੀਕੇ ਨਾਲ ਮਨਾ ਸਕਦੇ ਹਨ। ਜ਼ਿੰਦਗੀ ਵਿੱਚ ਛੁੱਟੀਆਂ ਤਾਂ ਬਹੁਤ ਵਾਰ ਆ ਜਾਣਗੀਆਂ ਪਰ ਜ਼ਿੰਦਗੀ ਤੁਹਾਡੇ ਹੱਥ ਵਿੱਚ ਇੱਕ ਵਾਰ ਹੀ ਆਈ ਹੈ ਇਸ ਲਈ ਇਸ ਦੇ ਹਰ ਇੱਕ ਪਲ ਨੂੰ ਬਹੁਤ ਧਿਆਨ ਨਾਲ ਬਿਤਾਉਣਾ ਚਾਹੀਦਾ ਹੈ ।



**ਬਰਜਿੰਦਰ ਕੌਰ ਬਿਸਰਾਓ...**
9988901324

# "ਅੰਗੂਰਾਂ ਦੀ ਵੇਲ"

ਅੰਗੂਰਾਂ ਦੀ ਵੇਲ ਨੂੰ ਲੱਗਿਆ ਫ਼ਲ ਕੁਦਰਤ ਦਾ ਰਸ ਭਰਿਆ ਤੋਹਫਾ ਜਾਪ ਰਿਹਾ ਹੈ। ਜਦੋਂ ਮਨੁੱਖ ਕੁਦਰਤ ਨਾਲ ਜੁੜਦਾ ਹੈ ਤਾਂ ਕੁਦਰਤ ਵੀ ਆਪਣਾ ਆਸ਼ੀਰਵਾਦ ਝੋਲ਼ੀਆਂ ਭਰ ਕੇ ਬਖਸ਼ਦੀ ਹੈ। ਇਹ ਕਾ਼ਲੇ ਅੰਗੂਰਾਂ ਦੀ ਵੇਲ ਹੈ ਜੋ ਪੰਜ ਕੁ ਸਾਲ ਪਹਿਲਾਂ ਬੀਜ਼ੀ ਸੀ ਆਪਣੇ ਘਰ ਦੀ ਛੋਟੀ ਜਿਹੀ ਬਗੀਚੀ ਵਿੱਚ। ਇਸ ਬਗੀਚੀ ਵਿੱਚ ਥਾਂ ਤਾਂ ਥੋੜੀ ਜਿਹੀ ਹੈ ਪਰ ਵਾਤਾਵਰਨ ਨਾਲ ਬਚਪਨ ਤੋਂ ਹੀ ਪਿਆਰ ਹੋਣ ਕਾਰਨ ਇਸਦੇ ਅੰਦਰਲੇ ਅਤੇ ਬਾਹਰਲੇ ਪਾਸੇ ਬੀਜ਼ੇ ਅਨੇਕਾਂ ਹਰੇ ਭਰੇ ਬੂਟੇ ਹਰ ਇੱਕ ਨੂੰ ਸਕੂਨ ਬਖਸ਼ਦੇ ਹਨ।

ਅੱਜ ਇਸ ਬਗੀਚੀ ਵਿਚਲੀ ਕਾ਼ਲੇ ਅੰਗੂਰਾਂ ਦੀ ਵੇਲ ਨੂੰ ਰਸ ਨਾਲ ਭਰੇ ਤਿਆਰ ਅੰਗੂਰਾਂ ਦੇ ਗੁੱਛੇ ਲਟਕਦੇ ਵੇਖ ਕੇ ਮਨ ਬਾਗੋ ਬਾਗ ਹੋ ਗਿਆ। ਬੱਦਲਵਾਈ ਵਾਲੇ ਖੁਸ਼ਗਵਾਰ ਸੁਹਾਵਣੇ ਮੌਸਮ ਵਿੱਚ ਬੱਚਿਆਂ ਨੂੰ ਬੁਲਾ ਕੇ ਅੰਗੂਰਾਂ ਦੇ ਰਸ ਭਰੇ ਗੁੱਛਿਆਂ ਨੂੰ ਤੋੜਿਆ ਅਤੇ ਸਾਰਿਆਂ ਨੇ ਬੜੇ ਚਾਅ ਨਾਲ ਖਾਧੇ। ਇਸ ਵੇਲ ਨੂੰ ਪਿਛਲੇ ਤਿੰਨ ਕੁ ਸਾਲ ਤੋਂ ਫ਼ਲ ਆਉਣਾ ਸ਼ੁਰੂ ਹੋਇਆ ਸੀ। ਪਹਿਲੇ ਸਾਲ ਜਦ ਇਸ ਵੇਲ ਨੂੰ ਫ਼ਲ ਆਇਆ ਤਾਂ ਨਿੱਕੇ-ਨਿੱਕੇ ਹਰੇ-ਹਰੇ ਰੰਗ ਦੇ ਅੰਗੂਰ ਵੇਖੇ ਫੇਰ ਇਹਨਾਂ ਉੱਤੇ ਜਿਵੇਂ ਕੋਈ ਸੁਆਹ ਰੰਗੀ ਪਰਤ ਵੇਖੀ ਘਸਮੈ਼ਲੀ ਜਿਹੀ ਮਨ ਨੇ ਸੋਚਿਆ ਇਹ ਕਿਹੋ ਜਿਹੇ ਅੰਗੂਰ ਹਨ? ਫੇਰੇ ਦਿਨੋ ਦਿਨ ਇਹਨਾਂ ਨੇ ਗੂੜ੍ਹੀ ਲਾਲ ਕਾ਼ਲੀ ਜਿਹੀ ਭਾਅ ਮਾਰਨੀ ਸ਼ੁਰੂ ਕੀਤੀ ਤਾਂ ਮਨ ਨੂੰ ਬੜਾ ਚੰਗਾ ਲੱਗਿਆ। ਛੋਟੀਆਂ ਕਾ਼ਲੀਆਂ ਚਿੜੀਆਂ ਅਤੇ ਬੁਲਬੁਲਾਂ ਦੀ ਆਮਦ ਹੋਣ ਲੱਗੀ। ਇਹਨਾਂ ਚਿੜੀਆਂ ਨੇ ਵੀ ਇਹਨਾਂ ਪੱਕ ਰਹੇ ਅੰਗੂਰਾਂ 'ਚੋਂ ਚੁੰਝਾਂ ਭਰਨੀਆਂ ਸ਼ੁਰੂ ਕੀਤੀਆਂ ਤਾਂ ਹੋਰ ਵੀ ਚੰਗਾ ਲੱਗਿਆ। ਪਹਿਲੇ ਸਾਲ ਆਪਾਂ ਸਿਰਫ ਸੁਆਦ ਈ ਵੇਖਿਆ ਬਾਕੀ ਸਾਰੇ ਅੰਗੂਰ ਕੁਦਰਤ ਦੁਆਰਾ ਭੇਜੀਆਂ ਚਿੜੀਆਂ ਹਵਾਲੇ ਰਹੇ। ਅੰਗੂਰਾਂ ਦੀ ਵੇਲ ਬੀਜ਼ਣ ਦਾ ਮਕਸਦ ਪੂਰਾ ਹੋਣ ਲੱਗਿਆ। ਖੰਭ ਫ ਰ ਫ ਰ ਾ ਓ੍ ੰ ਦ ੀ ਅ ਾਂ ਚਿੜੀਆਂ,ਬੁਲਬੁਲਾਂ ਵੀ ਆਪਣੇ ਪਰਿਵਾਰਕ ਮੈਂਬਰਾਂ ਦੀ ਤਰ੍ਹਾਂ ਜਾਪਦੀਆਂ ਹਨ। ਇਹਨਾਂ ਬੁਲਬੁਲਾਂ ਨੇ ਘਰ ਦੀ ਬਾਲਕੋਨੀ ਨਾਲ ਲਟਕਦੇ ਛੋਟੇ ਬੂਟਿਆਂ ਵਾਲੇ ਗਮਲੇ ਵਿੱਚ ਆਲ੍ਹਣਾ ਬਣਾਇਆ ਹੋਇਆ। ਰੁਝੇਵਿਆਂ ਚੋਂ ਸਮਾਂ ਕੱਢ ਕੇ ਜਦ ਵੀ ਇਹਨਾਂ ਨੂੰ ਵੇਖਦਾ ਹਾਂ ਤਾਂ ਵੱਖਰਾ ਜਿਹਾ ਅਹਿਸਾਸ ਹੁੰਦਾ ਹੈ। ਸਵੇਰੇ ਸਵੇਰੇ ਜਦੋਂ ਇਹ ਚਿੜੀਆਂ ਘਰ 'ਚ ਟਹਿਕਦੀਆਂ ਹਨ ਤਾਂ ਪ੍ਰੋ: ਮੋਹਨ ਸਿੰਘ ਦੀ ਕਵਿਤਾ ਦੇ ਬੋਲ ਯਾਦ ਆਉਂਦੇ ਨੇ," ਨੀ ਅੱਜ ਕੋਈ ਆਇਆ ਸਾਡੇ ਵਿਹੜੇ" ਜਦੋਂ ਸਾਰਥਿਕ ਕੰਮਾਂ ਦੇ ਸਾਰਥਿਕ ਨਤੀਜੇ ਮਿਲਦੇ ਹਨ ਤਾਂ ਕੁਦਰਤ ਦਾ ਸ਼ੁਕਰਨਾ ਕਰੀਦਾ ਹੈ। ਕਹਿੰਦੇ ਨੇ ਕਿ ਮਿਹਨਤ ਦਾ ਫ਼ਲ ਮਿੱਠਾ ਹੁੰਦਾ ਹੈ। ਸੱਚਮੁੱਚ ਹੀ ਜਦੋਂ ਇਹ ਮਿਹਨਤ ਬੂਟੇ ਬੀਜ਼ਣ ਲਈ, ਵਾਤਾਵਰਨ ਲਈ ਕੀਤੀ ਹੋਵੇ ਤਾਂ ਕਾਇਨਾਤ ਢੇਰ ਸਾਰੀਆਂ ਨਿਆਮਤਾਂ ਬਖਸ਼ਦੀ ਹੈ। ਸੋ ਦੋਸਤੋ ਕਬੀਲਦਾਰੀ ਦੇ ਨਾਲ-ਨਾਲ ਇਸ ਤਰ੍ਹਾਂ ਦੇ ਸ਼ੌਕ ਪਾਲਣ ਨਾਲ ਵੱਖਰਾ ਸਕੂਨ ਮਿਲਦਾ ਹੈ। ਜਿਹਨਾਂ ਦੇ ਘਰ ਦੇ ਬਾਹਰ ਥੋੜਾ ਜਿਹਾ ਵੀ ਥਾਂ ਹੈ ਇਸ ਤਰ੍ਹਾਂ ਦੀ ਕੋਸ਼ਿਸ਼ ਕਰ ਕੇ ਵੇਖਿਓ ਫੇਰ ਦੇਖਣਾ ਕਿਹੋ ਜਿਹਾ ਮਹਿਸੂਸ ਹੁੰਦਾ।



ਸਮਾਜ ਵੀਕਲੀ ਨਿਊਜ਼



**ਰਣਜੀਤ ਸਿੰਘ ਹਠੂਰ**
9915513137

# ਪਦਾਰਥਵਾਦ ਦੇ ਮਨੁੱਖਤਾ 'ਤੇ ਹੋ ਰਹੇ ਨਕਾਰਾਤਮਕ ਪ੍ਰਭਾਵ

ਅਜੋਕਾ ਯੁੱਗ ਬਿਜਲੀ ਦੀ ਤੇਜ਼ੀ ਨਾਲ ਤਕਨੀਕੀ ਵਿਕਾਸ ਹੋ ਰਿਹਾ ਹੈ ਅਤੇ ਉਪਭੋਗਤਾ ਸਭਿਆਚਾਰ ਦੁਆਰਾ ਪਰਿਭਾਸ਼ਿਤ ਹੈ।ਪਦਾਰਥਵਾਦ ਮਨੁੱਖੀ ਵਿਹਾਰ ਅਤੇ ਸਮਾਜਿਕ ਮੁੱਲਾਂ ਨੂੰ ਆਕਾਰ ਦੇਣ ਵਾਲਾ ਇੱਕ ਵਿਆਪਕ ਤੱਤ ਬਣ ਗਿਆ ਹੈ। ਭੌਤਿਕ ਧਨ ਦੀ ਖੋਜ ਬੇਸ਼ੱਕ ਆਰਥਿਕ ਵਿਕਾਸ ਅਤੇ ਨਵੀਨਤਾ ਨੂੰ ਪ੍ਰੇਰਿਤ ਕਰ ਸਕਦੀ ਹੈ, ਪਰ ਮਾਲੀ ਪਦਾਰਥਾਂ 'ਤੇ ਬਹੁਤ ਜ਼ਿਆਦਾ ਧਿਆਨ ਦੇਣ ਨਾਲ ਮਨੁੱਖੀ ਖੁੱਸ਼ੀ ਅਤੇ ਆਪਸੀ ਭਾਵਨਾਤਮਕ ਸੰਬੰਧਾਂ ਵਿੱਚ ਕਮੀ ਆ ਰਹੀ ਹੈ। ਪਦਾਰਥਵਾਦ ਜੋ ਕਿ ਇਹ ਵਿਸ਼ਵਾਸ ਕਰਦਾ ਹੈ ਕਿ ਭੌਤਿਕ ਪਦਾਰਥ ਅਤੇ ਸਰੀਰਕ ਆਰਾਮ ਜੀਵਨ ਦੇ ਸਭ ਤੋਂ ਮਹੱਤਵਪੂਰਕ ਪੱਖ ਹਨ ਆਧੁਨਿਕ ਸਮਾਜ ਵਿੱਚ ਡੂੰਘੇ ਰੂਪ ਵਿੱਚ ਜੁੜਿਆ ਹੋਇਆ ਹੈ। ਸਮਾਜਿਕ ਮੀਡੀਆ ਅਤੇ ਵਿਗਿਆਪਨ ਦੇ ਉੱਥਾਨ ਨਾਲ, ਵੱਧ ਤੋਂ ਵੱਧ ਪਦਾਰਥਾਂ ਨੂੰ ਪ੍ਰਾਪਤ ਕਰਨ ਦਾ ਦਬਾਅ—ਜਿਵੇਂ ਕਿ ਨਵੇਂ ਗੈਜਟ, ਲਗਜ਼ਰੀ ਕਾਰਾਂ ਜਾਂ ਡਿਜ਼ਾਈਨਰ ਕਲੋਥਿੰਗ—ਹੋਰ ਵੱਧ ਗਿਆ ਹੈ। ਇਹ ਅਟਲ ਖੋਜ ਅਕਸਰ ਵਿਅਕਤੀਆਂ ਨੂੰ ਅਸੰਤੁਸ਼ਟ ਅਤੇ ਆਪਣੇ ਸੱਚੇ ਆਪ ਅਤੇ ਸਮੁਦਾਇ ਤੋਂ ਦੂਰ ਮਹਿਸੂਸ ਕਰਾਉਂਦੀ ਹੈ।

ਮਨੋਵਿਗਿਆਨਕ ਨਤੀਜੇ

ਅਧਿਐਨ ਦਰਸਾਉਂਦੇ ਹਨ ਕਿ ਪਦਾਰਥਵਾਦੀ ਸੋਚ ਦਾ ਮਨੋਵਿਗਿਆਨ 'ਤੇ ਨਕਾਰ-ਾਤਮਕ ਪ੍ਰਭਾਵ ਪੈ ਸਕਦਾ ਹੈ। ਅਧਿਐਨ ਦਰਸਾਉਂਦੇ ਹਨ ਕਿ ਜਿਹੜੇ ਵਿਅਕਤੀ ਸੰਬੰਧਾਂ ਅਤੇ ਅਨੁਭਵਾਂ ਦੀ ਥਾਂ ਭੌਤਿਕ ਧਨ ਨੂੰ ਪਹਿਲ ਦਿੰਦੇ ਹਨ, ਉਹ ਅਕਸਰ ਚਿੰਤਾ ਅਤੇ ਜੀਵਨ ਵਿੱਚ ਅਸੰਤੁਸ਼ਟੀ ਦੇ ਉੱਚੇ ਪੱਧਰਾਂ ਮਹਿਸੂਸ ਕਰਦੇ ਹਨ। 2022 ਵਿੱਚ ਜਰਨਲ ਆਫ਼ ਕੰਜ਼ਿਊਮਰ ਰਿਸਰਚ ਵਿੱਚ ਛਪੀ ਇੱਕ ਅਧਿਐਨ ਨੇ ਦਰਸਾਇਆ ਕਿ ਜਿਹੜੇ ਲੋਕ ਮਾਲੀ ਮੁੱਲਾਂ ਨਾਲ ਜੁੜੇ ਹੋਏ ਹਨ, ਉਹਨਾਂ ਨੂੰ ਇਕੱਲਾਪਣ ਅਤੇ ਤਨਹਾਈ ਦੀ ਭਾਵਨਾਂ ਨੂੰ ਮਹਿਸੂਸ ਕਰਨ ਦੀ ਸੰਭਾਵਨਾ ਹੋਰ ਵੱਧ ਹੁੰਦੀ ਹੈ।

ਮਨੋਵਿਗਿਆਨੀ ਡਾ. ਐਮੀਲੀ ਕਾਰਟਰ, ਜੋ ਕਿ ਉਪਭੋਗਤਾ ਵਿਹਾਰ ਵਿੱਚ ਵਿਸ਼ਾ ਮਾਹਿਰ ਹਨ ਕਹਿੰਦੇ ਹਨ "ਜਦੋਂ ਵਿਅਕਤੀ ਆਪਣੇ ਆਪ ਦੀ ਕੀਮਤ ਨੂੰ ਆਪਣੇ ਪਦਾਰਥਾਂ ਨਾਲ ਜੋੜਦੇ ਹਨ, ਤਾਂ ਉਹ ਤੁਲਨਾ ਅਤੇ ਮੁਕਾਬਲੇ ਦੇ ਚੱਕਰ ਵਿੱਚ ਫਸ ਜਾਂਦੇ ਹਨ। ਇਹ ਨਾ ਸਿਰਫ਼ ਉਨ੍ਹਾਂ ਦੀ ਮਨੋਵਿਗਿਆਨਕ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ ਸਗੋਂ ਇਹ ਉਨ੍ਹਾਂ ਦੇ ਸੰਬੰਧਾਂ ਦੀ ਗੁਣਵੱਤਾ ਨੂੰ ਵੀ ਖ਼ਰਾਬ ਕਰ ਦਿੰਦਾ ਹੈ।"

**ਸਮਾਜਿਕ ਮੁੱਲਾਂ ਦੀ ਘਾਟ**

ਪਦਾਰਥਵਾਦ ਸਮਾਜਿਕ ਏਕਤਾ ਲਈ ਵੀ ਖਤਰਾ ਬਣਦਾ ਜਾ ਰਿਹਾ ਹੈ। ਜਿਵੇਂ ਜਿਵੇਂ ਲੋਕ ਵਿਅਕਤੀਗਤ ਪਦਾਰਥ ਦੇ ਇਕੱਠ ਕਰਨ 'ਤੇ ਧਿਆਨ ਕੇਂਦ੍ਰਿਤ ਕਰਨ ਲੱਗਦੇ ਹਨ ਉਹ ਸਮਾਜਿਕ ਬੰਧਨਾਂ ਵਿੱਚ ਫਸੇ ਮਹਿਸੂਸ ਕਰਦੇ ਹਨ ਜਿਸ ਦੇ ਫਲਸਰੂਪ ਕਈ ਵਾਰ ਉਹ ਬੰਧਨ ਢਹਿ ਜਾਂਦੇ ਹਨ। ਸਥਾਨਕ ਪਹਿਲ ਅਨੁਸਾਰ ਸੇਵਾ ਕਾਰਜ, ਅਤੇ ਦਇਆ ਦੇ ਕੰਮ ਅਕਸਰ ਇੱਕ ਐਸੀ ਸਭਿਆਚਾਰ ਦੁਆਰਾ ਢੱਕੇ ਜਾਂਦੇ ਹਨ ਜੋ ਨਿੱਜੀ ਲਾਭ ਨੂੰ ਮਹਿਮਾਨੀ ਦੇਣ ਵਾਲਾ ਹੁੰਦਾ ਹੈ। ਇਸ ਬਦਲਾਅ ਨੇ ਸਮਾਜਿਕ ਪੂੰਜੀ ਵਿੱਚ ਕਮੀ ਦਾ ਕਾਰਨ ਬਣਾਇਆ ਹੈ,ਭ ਜਿਸ ਨਾਲ ਸਮੁਦਾਇਆਂ ਲਈ ਆਪਸੀ ਸਹਾਇਤਾ ਦੇ ਸਮੇਂ ਇਕੱਠਾ ਹੋਣਾ ਮੁਸ਼ਕਲ ਹੋ ਜਾਂਦਾ ਹੈ।

ਸੋਸ਼ੀਓਲੋਜਿਸਟ ਡਾ. ਮਾਰਕ ਥੌਮਸਨ ਨੇ ਸਮਾਜਿਕ ਸ਼ਾਮਿਲ ਹੋਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ: "ਜਦੋਂ ਲੋਕ ਮਾਲੀ ਧਨ ਨੂੰ ਸਮਾਜਿਕ ਭਲਾਈ 'ਤੇ ਪ੍ਰਾਥਮਿਕਤਾ ਦਿੰਦੇ ਹਨ, ਤਾਂ ਉਹ ਮਨੁੱਖੀ ਸੰਪਰਕ ਦੀ ਰੰਗਤ ਨੂੰ ਗੁਆਉਂਦੇ ਹਨ। ਮਜ਼ਬੂਤ ਸਮੁਦਾਇ ਸਾਂਝੇ ਮੁੱਲਾਂ ਅਤੇ ਆਪਸੀ ਸਹਾਇਤਾ 'ਤੇ ਬਣਦੇ ਹਨ, ਨਾਹ ਕਿ ਨਿੱਜਤਾ 'ਤੇ।"

**ਵਾਤਾਵਰਨ 'ਤੇ ਪ੍ਰਭਾਵ**

ਮਾਲੀਵਾਦ ਦੇ ਨਤੀਜੇ ਵਿਅਕਤੀਗਤ ਸੁੱਖਾਂ ਦੀ ਪ੍ਰਾਪਤੀ ਤੋਂ ਬਾਹਰ ਵੀ ਫੈਲ ਜਾਂਦੇ ਹਨ; ਇਹ ਵਾਤਾਵਰਨ ਲਈ ਵੀ ਮਹੱਤਵਪੂਰਨ ਪ੍ਰਭਾਵ ਰੱਖਦੇ ਹਨ। ਨਵੇਂ ਉਤਪਾਦਾਂ ਦੀ ਲਗਾਤਾਰ ਖੋਜ ਵੱਧ ਉਪਭੋਗਤਾ, ਬਰਬਾਦੀ ਅਤੇ ਵਾਤਾਵਰਨ ਦੇ ਨਾਸ਼ ਦਾ ਕਾਰਨ ਬਣਦੀ ਹੈ। ਫੈਸ਼ਨ ਉਦਯੋਗ ਹੀ ਇਕ ਭਾਰੀ ਮਾਤਰਾ ਵਿੱਚ ਪ੍ਰਦੂਸ਼ਣ ਅਤੇ ਸਰੋਤਾਂ ਦੀ ਘਾਟ ਦਾ ਕਾਰਨ ਹੈ, ਕਿਉਂਕਿ ਉਪਭੋਗਤਾ ਹਰ ਵਾਰੀ ਅਗਲੇ ਰੁਝਾਨ ਦੀ ਖੋਜ ਕਰਦੇ ਹਨ।

ਵਾਤਾਵਰਨ ਸੁਰੱਖਿਅਣ ਵਾਲੀ ਸਰਾਹ ਗ੍ਰੀਨ ਚੇਤਾਵਨੀ ਦਿੰਦੀ ਹੈ, "ਸਾਡੇ ਭੌਤਿਕ ਪਦਾਰਥਾਂ ਨਾਲ ਸਬੰਧਿਤ ਮੋਹ ਬਹੁਤਾ ਯੋਗ ਨਹੀਂ ਹੈ। ਜੇ ਅਸੀਂ ਭਵਿੱਖ ਲਈ ਆਪਣੇ ਗ੍ਰਹਿ ਦੀ ਰੱਖਿਆ ਕਰਨੀ ਹੈ ਤਾਂ ਸਾਨੂੰ ਖਪਤ ਤੋਂ ਬਚ ਕੇ ਸੁਰੱਖਿਅਮ 'ਤੇ ਧਿਆਨ ਕੇਂਦ੍ਰਿਤ ਕਰਨ ਦੀ ਲੋੜ ਹੈ।"

ਇਨ੍ਹਾਂ ਚੁਣੌਤੀਆਂ ਦੇ ਸੰਦਰਭ ਵਿੱਚ, ਬਹੁਤ ਸਾਰੇ ਵਕੀਲ ਮਿਨਿਮਲਿਜ਼ਮ ਅਤੇ ਸੋਚ-ਵਿਚਾਰ ਵਾਲੀ ਖਪਤ ਵੱਲ ਇੱਕ ਸੰਸਕ੍ਰਿਤਿਕ ਬਦਲਾਅ ਦੀ ਮੰਗ ਕਰ ਰਹੇ ਹਨ। ਇਹ ਚਲਨ ਵਿਅਕਤੀਆਂ ਨੂੰ ਪਦਾਰਥਾਂ ਦੇ ਬਜਾਏ ਅਨੁਭਵਾਂ ਨੂੰ ਪ੍ਰਾਥਮਿਕਤਾ ਦੇਣ ਲਈ ਉਤਸ਼ਾਹਿਤ ਕਰਦਾ ਹੈ, ਜੋ ਦੂਜੇ ਲੋਕਾਂ ਨਾਲ ਗਹਿਰੇ ਸੰਬੰਧ ਬਣਾਉਂਦਾ ਹੈ ਅਤੇ ਮਨੋਵਿਗਿਆਨਕ ਸੁੱਖਾ ਨੂੰ ਵਧਾਉਂਦਾ ਹੈ। ਐਸੀ ਪਹਿਲ ਜੋ ਟਿਕਾਊਤਾ ਅਤੇ ਨੈਤਿਕ ਖਪਤ 'ਤੇ ਜ਼ੋਰ ਦਿੰਦੀ ਹਨ, ਉਹ ਵੱਧ ਪ੍ਰਸਿੱਧ ਹੋ ਰਹੀਆਂ ਹਨ ਕਿਉਂਕਿ ਉਪਭੋਗਤਾ ਆਪਣੇ ਚੋਣਾਂ ਦੇ ਪ੍ਰਭਾਵ ਬਾਰੇ ਹੋਰ ਜਾਣੂ ਹੋ ਰਹੇ ਹਨ। ਜਿਵੇਂ ਸਮਾਜ ਮਾਲੀਵਾਦ ਦੇ ਨਤੀਜਿਆਂ ਨਾਲ ਟੱਕਰਾਉਂਦਾ ਹੈ, ਇਹ ਮਹੱਤਵਪੂਰਣ ਹੈ ਕਿ ਵਿਅਕਤੀ ਆਪਣੇ ਮੁੱਲਾਂ ਅਤੇ ਪ੍ਰਾਥਮਿਕਤਾਵਾਂ 'ਤੇ ਵਿਚਾਰ ਕਰਨ। ਇੱਕ ਐਸੀ ਸਭਿਆਚਾਰ ਨੂੰ ਉੱਪਰ ਲਿਆਂਦਾ ਜਾਣਾ ਜੋ ਸੰਪਰਕ, ਸਮੁਦਾਇ ਅਤੇ ਟਿਕਾਊਤਾ ਨੂੰ ਇਕੱਤਰ ਕਰਨ 'ਤੇ ਧਿਆਨ ਕੇਂਦ੍ਰਿਤ ਕਰਦੀ ਹੈ, ਮਨੁੱਖਤਾ ਨੂੰ ਆਪਣੇ ਉਦੇਸ਼ ਅਤੇ ਸਬੰਧਾਂ ਦੀ ਦੁਬਾਰਾ ਪ੍ਰਾਪਤੀ ਕਰਨ ਵਿੱਚ ਮਦਦ ਕਰ ਸਕਦੀ ਹੈ। ਪਦਾਰਥਵਾਦ ਸ਼ਾਇਦ ਛੇਤੀ ਸੰਤੋਸ਼ ਪ੍ਰਦਾਨ ਕਰ ਸਕਦਾ ਹੈ ਪਰ ਇਸਦੇ ਲੰਬੇ ਸਮੇਂ ਦੇ ਪ੍ਰਭਾਵ ਮਨੋਵਿਗਿਆਨਿਕ ਸਿਹਤ, ਸਮਾਜਿਕ ਏਕਤਾ ਅਤੇ ਵਾਤਾਵਰਨ ਲਈ ਬੇਹੱਦ ਗੰਭੀਰ ਹਨ। ਜਿਵੇਂ ਅਸੀਂ ਇੱਕ ਵਧੇਰੇ ਜਟਿਲ ਸੰਸਾਰ ਵਿੱਚ ਚੱਲ ਰਹੇ ਹਾਂ, ਇਹ ਮਹੱਤਵਪੂਰਣ ਹੈ ਕਿ ਮਾਲੀ ਧਨ ਨੂੰ ਸਭ ਕੁਝ ਤੋਂ ਉੱਚਾ ਰੱਖਣ ਦੇ ਸੰਭਾਵਨਾ ਵਾਲੇ ਖਤਰਿਆਂ ਨੂੰ ਸਮਝਿਆ ਜਾਵੇ। ਜੀਵਨ ਲਈ ਇੱਕ ਹੋਲਿਸਟਿਕ ਦ੍ਰਿਸ਼ਟੀਕੋਣ ਨੂੰ ਗਲੇ ਲਗਾਉਣ ਦੁਆਰਾ—ਇੱਕ ਜੋ ਸੰਬੰਧਾਂ, ਅਨੁਭਵਾਂ ਅਤੇ ਵਾਤਾਵਰਨ ਦੀ ਸੰਭਾਲ ਨੂੰ ਪ੍ਰਾਥਮਿਕਤਾ ਦਿੰਦੀ ਹੈ—ਅਸੀਂ ਉਸ ਦੇ ਟੁੱਟਣ ਦੀ ਮੁਰੰਮਤ ਸ਼ੁਰੂ ਕਰ ਸਕਦੇ ਹਾਂ।



**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

# ਪੰਜਵਾਂ ਟਾਇਰ

ਸਕੂਲ ਵਿੱਚ ਵਿਦਿਆਰਥੀਆਂ ਦੇ ਸਤੰਬਰ ਟੈਸਟ ਦਾ ਅੱਜ ਪਹਿਲਾ ਦਿਨ ਸੀ। ਸਕੂਲ ਦੇ ਕੁੱਝ ਅਧਿਆਪਕ ਅੱਜ ਛੁੱਟੀ ਤੇ ਸਨ। ਛੇਵੀਂ ਤੋਂ ਦਸਵੀਂ ਤੱਕ ਪੰਜ ਕਲਾਸਾਂ ਸਨ ਤੇ ਹਰੇਕ ਕਲਾਸ ਵਿੱਚ 45 ਤੋਂ ਵੱਧ ਵਿਦਿਆਰਥੀ ਸਨ। ਸਕੂਲ ਮੁਖੀ ਨੇ ਹਾਜ਼ਰ ਅਧਿਆਪਕਾਂ ਨੂੰ ਆਖਿਆ," ਸਤੰਬਰ ਟੈਸਟ ਦਾ ਅੱਜ ਪਹਿਲਾ ਦਿਨ ਆ ਤੇ ਕਈ ਅਧਿਆਪਕ ਅੱਜ ਛੁੱਟੀ ਤੇ ਆ। ਤੁਸੀਂ ਕੱਲਾ, ਕੱਲਾ ਇੱਕ ਇੱਕ ਕਲਾਸ ਨਿਗਰਾਨੀ ਵਾਸਤੇ ਲੈ ਲਉ। ਬੱਚਿਆਂ ਨੂੰ ਨਕਲ ਨਾ ਕਰਨ ਦਿਉ ਤੇ ਪੇਪਰ ਦੌਰਾਨ ਕੋਈ ਅਖਬਾਰ ਨਾ ਪੜ੍ਹਿਉ, ਪਲੀਜ਼।"

ਹਿੰਦੀ ਵਾਲੀ ਮੈਡਮ ਦੇ ਹਿੱਸੇ ਨਿਗਰਾਨੀ ਕਰਨ ਵਾਸਤੇ ਨੌਵੀਂ ਕਲਾਸ ਆਈ। ਨੌਵੀਂ ਕਲਾਸ ਨੂੰ ਆਮ ਤੌਰ ਤੇ ਅਧਿਆਪਕ ਘੱਟ ਪੜ੍ਹਾਉਂਦੇ ਹਨ। ਉਹ ਬਹੁਤਾ ਜ਼ੋਰ ਬੋਰਡ ਦੀਆਂ ਕਲਾਸਾਂ ਤੇ ਹੀ ਲਾਉਂਦੇ ਹਨ। ਨੌਵੀਂ ਕਲਾਸ ਦਾ ਪੇਪਰ ਵੀ ਅੰਗਰੇਜ਼ੀ ਦਾ ਸੀ। ਪ੍ਰਸ਼ਨ ਪੇਪਰ ਲੈਂਦੇ ਸਾਰ ਹੀ ਵਿਦਿਆਰਥੀਆਂ ਨੇ ਨਕਲ ਕਰਨ ਲਈ ਹੱਥ, ਪੈਰ ਮਾਰਨੇ ਸ਼ੁਰੂ ਕਰ ਦਿੱਤੇ। ਇਸ ਕਰਕੇ ਹਿੰਦੀ ਵਾਲੀ ਮੈਡਮ ਨੂੰ ਥੋੜ੍ਹੀ ਜਿਹੀ ਸਖਤਾਈ ਕਰਨੀ ਪਈ। ਉਸ ਨੇ ਤਿੰਨ ਘੰਟੇ ਪੂਰੀ ਈਮਾਨਦਾਰੀ ਨਾਲ ਡਿਊਟੀ ਦਿੱਤੀ। ਤਿੰਨ ਘੰਟੇ ਖੜ੍ਹੀ, ਖੜ੍ਹੀ ਉਹ ਥੱਕ ਗਈ ਸੀ। ਚਾਹ ਦੀ ਦੁਕਾਨ ਤੋਂ ਉਸ ਨੇ ਚਾਹ ਦਾ ਕੱਪ ਮੰਗਾ ਕੇ ਹਾਲੇ ਦੋ ਘੁੱਟ ਹੀ ਭਰੇ ਸਨ ਕਿ ਸਕੂਲ ਦਾ ਪੀਅਨ ਆ ਕੇ ਉਸ ਨੂੰ ਕਹਿਣ ਲੱਗਾ," ਮੈਡਮ ਜੀ, ਸਕੂਲ ਦੇ ਕਲਰਕ ਦੀ ਅਚਾਨਕ ਸੇਹਤ ਖਰਾਬ ਹੋ ਗਈ ਆ ਤੇ ਉਹ ਛੁੱਟੀ ਲੈ ਕੇ ਚਲਾ ਗਿਆ ਆ। ਡੀ.ਈ.ਓ. ਦਫਤਰੋਂ ਹੁਣੇ ਫੋਨ ਆਇਆ, ਕੋਈ ਜ਼ਰੂਰੀ ਡਾਕ ਮੰਗਾਈ ਆ। ਸਾਹਿਬ ਕਹਿੰਦੇ ਆ ਕਿ ਜ਼ਰੂਰੀ ਡਾਕ ਦੇ ਫਾਰਮ ਉਲੀਕਣੇ ਆਂ। ਤੁਹਾਨੂੰ ਉਨ੍ਹਾਂ ਨੇ ਹੁਣੇ ਦਫਤਰ 'ਚ ਬੁਲਾਇਆ ਆ।"

ਇਹ ਸੁਣ ਕੇ ਮੈਡਮ ਨੂੰ ਗੁੱਸਾ ਆ ਗਿਆ ਤੇ ਕਹਿਣ ਲੱਗੀ," ਜਿਹੜੇ ਛੁੱਟੀਆਂ ਲੈ ਕੇ ਘਰ ਬੈਠੇ ਆ, ਉਨ੍ਹਾਂ ਤੇ ਤਾਂ ਸਾਹਿਬ ਦਾ ਹੁਕਮ ਚੱਲਦਾ ਨ੍ਹੀ। ਜਿਹੜਾ ਮੇਰੇ ਵਰਗਾ ਹਾਜ਼ਰ ਆ, ਉਸ ਨੂੰ ਦੋ ਮਿੰਟ ਬੈਠਣ ਦਾ ਵੀ ਹੁਕਮ ਨ੍ਹੀ। ਸਾਹਿਬ ਨੇ ਮੈਨੂੰ ਪੰਜਵਾਂ ਟਾਇਰ ਸਮਝ ਰੱਖਿਆ ਲੱਗਦਾ, ਜਿਸ ਨੂੰ ਜਿੱਥੇ ਵੇਖੋ, ਫਿੱਟ ਕਰ ਦਿਉ।"

ਫਿਰ ਉਹ ਕੁੱਝ ਕੁ ਮਿੰਟਾਂ ਪਿੱਛੋਂ ਸਕੂਲ ਮੁਖੀ ਦੇ ਦਫਤਰ ਵੱਲ ਨੂੰ ਤੁਰ ਪਈ।

*********

**ਵਿਹਲੀਆਂ ਮੈਡਮਾਂ**

ਮੈਡਮ ਗੁਲਸ਼ਨ ਨੇ ਅੱਜ ਦੀ ਅੱਧੀ ਅਚਨਚੇਤ ਛੁੱਟੀ ਲੈਣ ਦੀ ਅਰਜ਼ੀ ਸਕੂਲ ਮੁਖੀ ਅੱਗੇ ਰੱਖਦਿਆਂ ਆਖਿਆ,

" ਸਰ ਜੀ, ਮੈਨੂੰ ਅੱਜ ਦੀ ਅੱਧੀ ਛੁੱਟੀ ਚਾਹੀਦੀ ਆ।"

" ਕਿਉਂ ? ਕੀ ਗੱਲ ਹੋਈ?" ਸਕੂਲ ਮੁਖੀ ਨੇ ਆਖਿਆ।

" ਸਰ ਜੀ, ਮੈਂ ਆਪਣੀ ਬੇਟੀ ਸੁਖਵਿੰਦਰ ਦਾ ਸੁਕੰਨਿਆ ਸਮਰਿਧੀ ਯੋਜਨਾ ਦਾ ਖਾਤਾ ਸਮੁੰਦੜੇ ਡਾਕਖਾਨੇ ਵਿੱਚ ਖੁਲ੍ਹਵਾਇਆ ਹੋਇਐ। ਮੈਂ ਉਸ ਦੇ ਖਾਤੇ ਵਿੱਚ ਪੈਸੇ ਜਮ੍ਹਾਂ ਕਰਵਾਣ ਜਾਣਾ ਆਂ।"

" ਠੀਕ ਆ।"

ਮੈਡਮ ਗੁਲਸ਼ਨ ਨੇ ਆਪਣੀ ਐਕਟਿਵਾ ਸਕੂਟਰੀ ਸਕੂਲ ਦੇ ਗੇਟ ਤੋਂ ਬਾਹਰ ਜਾ ਕੇ ਸਟਾਰਟ ਕੀਤੀ ਅਤੇ ਸਮੁੰਦੜੇ ਦੇ ਡਾਕਖਾਨੇ ਵੱਲ ਚੱਲ ਪਈ। ਪੰਦਰਾਂ ਕੁ ਮਿੰਟਾਂ ਵਿੱਚ ਉਹ ਡਾਕਖਾਨੇ ਪਹੁੰਚ ਗਈ। ਉੱਥੇ ਪਹੁੰਚ ਕੇ ਉਸ ਨੇ ਸੁਕੰਨਿਆ ਸਮਰਿਧੀ ਯੋਜਨਾ ਦੀ ਪਾਸ ਬੁੱਕ ਅਤੇ ਜਮ੍ਹਾਂ ਕਰਵਾਉਣ ਵਾਲੇ ਪੈਸੇ ਕਾਊਂਟਰ ਤੇ ਬੈਠੀ ਕਲਰਕ ਅੱਗੇ ਕਰ ਦਿੱਤੇ।

" ਪੈਸੇ ਜਮ੍ਹਾਂ ਕਰਾਣ ਲਈ ਸਮੇਂ ਸਿਰ ਆਇਆ ਕਰੋ।" ਪਾਸ ਬੁੱਕ ਅਤੇ ਪੈਸੇ ਫੜਦਿਆਂ ਕਲਰਕ ਨੇ ਆਖਿਆ।

" ਹਾਲੇ ਕਿਹੜਾ ਬਹੁਤਾ ਸਮਾਂ ਹੋਇਆ। ਦਿਨ ਦੇ ਸਾਢੇ ਬਾਰਾਂ ਹੀ ਵੱਜੇ ਆ। ਸਕੂਲ ਤੋਂ ਛੁੱਟੀ ਮਿਲੇ ਤੇ ਹੀ ਆਣਾ ਸੀ।" ਮੈਡਮ ਗੁਲਸ਼ਨ ਨੇ ਆਖਿਆ।

" ਮੈਡਮਾਂ ਕਿਹੜਾ ਸਕੂਲਾਂ 'ਚ ਪੜ੍ਹਾਈ ਕਰਾਨੀਆਂ। ਸਾਰਾ ਦਿਨ ਵਿਹਲੀਆਂ ਬੈਠੀਆਂ ਰਹਿਨੀਆਂ।"

ਕਲਰਕ ਦੀਆਂ ਗੱਲਾਂ ਸੁਣ ਕੇ ਮੈਡਮ ਗਲਸ਼ਨ ਨੂੰ ਗੁੱਸਾ ਆ ਗਿਆ। ਉਸ ਨੇ ਸਖ਼ਤ ਲਹਿਜੇ ਵਿੱਚ ਕਲਰਕ ਨੂੰ ਆਖਿਆ," ਤੁਹਾਨੂੰ ਮੈਡਮਾਂ ਨੇ ਪੜ੍ਹਾਇਆ, ਤਾਂ ਹੀ ਤੁਸੀਂ ਕੁਰਸੀ ਤੇ ਬੈਠੇ ਆਂ। ਜੇ ਮੈਡਮਾਂ ਨੇ ਨਾ ਪੜ੍ਹਾਇਆ ਹੁੰਦਾ, ਤਾਂ ਤੁਸੀਂ ਕਿਸੇ ਫੈਕਟਰੀ 'ਚ ਮਜ਼ਦੂਰੀ ਕਰਦੇ ਹੋਣਾ ਸੀ।"

ਏਨਾ ਸੁਣ ਕੇ ਕਲਰਕ ਕੁੱਝ ਨਾ ਬੋਲੀ। ਚੁੱਪ ਕਰਕੇ ਪੈਸੇ ਜਮ੍ਹਾਂ ਕਰਕੇ ਪਾਸ ਬੁੱਕ ਮੈਡਮ ਗੁਲਸ਼ਨ ਦੇ ਹੱਥ ਫੜਾ ਦਿੱਤੀ।



**ਮਹਿੰਦਰ ਸਿੰਘ ਮਾਨ**
**ਪਿੰਡ ਤੇ ਡਾਕ ਰੱਕੜਾਂ ਢਾਹਾ-144526**
**ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ**
**ਫੋਨ -9915803554**

# ਪੰਜਾਬੀ ਗੀਤਕਾਰੀ ਦਾ ਸਿਰਮੌਰ ਹਸਤਾਖ਼ਰ ਬਾਬੂ ਸਿੰਘ ਮਾਨ

ਬਾਬੂ ਸਿੰਘ ਮਾਨ ਪੰਜਾਬੀ ਗੀਤਕਾਰੀ ਦਾ ਇੱਕ ਅਜਿਹਾ ਨਾਂ ਹੈ ਜੋਂ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ।ਉਹ ਗੀਤਕਾਰੀ ਦੇ ਇਤਿਹਾਸਕ ਪੰਨਿਆਂ ਦਾ ਸਿਰਮੌਰ ਹਸਤਾਖ਼ਰ ਹੈ, ਜਿਸਨੂੰ ਦੇਖਦਿਆਂ/ ਸੁਣਦਿਆਂ ਪਤਾ ਨਹੀਂ ਕਿੰਨੇ ਲੋਕ, ਸੰਗੀਤਕ ਪ੍ਰੇਮੀ ਅਤੇ ਕਲਾਕਾਰ ਹਸਤੀਆਂ ਆਪਣੀ ਉਮਰਾਂ ਦੇ ਪੜਾਅ ਪਾਰ ਕਰ ਚੁੱਕੇ ਹਨ ਤੇ ਕਰ ਰਹੇ ਹਨ। ਪਰ ਬਾਬੂ ਸਿੰਘ ਮਾਨ ਅੱਜ ਵੀ ਗੀਤਕਾਰੀ ਦੇ ਖੇਤਰ ਵਿਚ ਆਪਣੇ ਨਾਂ ਦੀ ਤਾਜ਼ਗੀ ਵਿਖੇਰ ਰਹੇ ਹਨ। ਬਾਬੂ ਸਿੰਘ ਮਾਨ ਪੰਜਾਬੀ ਗੀਤਕਾਰੀ ਦੇ ਉਹ ਅਲੰਕਾਰ ਹੈ ਜੋਂ ਹਰ ਥਾਂ ਤੇ ਹਰ ਦਿਸ਼ਾ ਦਾ ਸਹੀ ਅਰਥ ਬਿਆਨ ਕਰਦਾ ਹੈ, ਜੇ ਅਸੀਂ ਇਸ ਨੂੰ ਪੰਜਾਬੀ ਗੀਤਕਾਰੀ ਦਾ ਬਾਦਸ਼ਾਹ ਜਾਂ ਭੀਸ਼ਮ ਪਿਤਾਮਾ ਕਹਿ ਦਈਏ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਕਿਉਂਕਿ ਬਾਬੂ ਸਿੰਘ ਮਾਨ 21ਵੀਂ ਸਦੀ ਵਿੱਚ ਪਹਿਲੇ ਅਜਿਹੇ ਨਿਵੇਕਲੇ ਸਦੀ ਦੇ ਮਹਾਂਨਾਇਕ ਗੀਤਕਾਰ ਹਨ, ਜਿਸਨੂੰ ਚਾਰ ਪੀੜ੍ਹੀ ਦੇ ਗਾਇਕ ਗਾ ਕੇ ਆਪਣਾ ਨਾਂ ਕਮਾ ਰਹੇ ਹਨ ।ਬਾਬੂ ਸਿੰਘ ਮਾਨ ਪੰਜਾਬੀ ਗੀਤਕਾਰੀ ਦੇ ਇੱਕ ਇਨਸਕੋਲੋਪੀਡੀਆ ਦੀ ਤਰ੍ਹਾਂ ਹਨ, ਜਿਨ੍ਹਾਂ ਕੋਲ ਸ਼ਬਦਾਂ ਦਾ ਅਥਾਹ ਭੰਡਾਰ ਹੈ। ਇਸ ਲਈ ਉਨ੍ਹਾਂ ਨੇ ਸਮੇਂ ਦੇ ਬਦਲਾਅ ਨਾਲ ਆਪਣੀ ਕਲਮ ਨੂੰ ਸ਼ਬਦਾਂ ਦਾ ਹਾਣੀ ਬਣਾਇਆ ਹੈ। ਬਾਬੂ ਸਿੰਘ ਮਾਨ ਨੇ ਗੀਤਕਾਰੀ ਦੇ ਖੇਤਰ ਵਿਚ ਆਪਣੇ ਗੀਤਾਂ ਦਾ ਇਕ ਅਜਿਹਾ ਨਿਵੇਕਲਾ ਇਤਿਹਾਸ ਸਿਰਜਿਆ ਹੈ ਜੋਂ ਸਦੀਵੀਂ ਲੋਕ ਵਿਰਸਾਤ ਦਾ ਸਰਮਾਇਆ ਹੈ। ਸੈਂਕੜੇ ਹੀ ਨਹੀਂ ਬਲਕਿ ਹਜ਼ਾਰਾਂ ਦੀ ਤਾਦਾਦ ਵਿਚ ਆਪਣੇ ਗੀਤਾਂ ਦੀ ਸਿਰਜਣਾ ਕਰਨ ਵਾਲੇ ਬਾਬੂ ਸਿੰਘ ਮਾਨ ਨੇ ਆਪਣੇ ਗੀਤਾਂ ਵਿਚ ਪਰਿਵਾਰਕ ਰਿਸ਼ਤਿਆਂ, ਲੋਕਧਾਰਾ, ਪੰਜਾਬੀ ਰਹਿਤਲ, ਸਮਾਜਿਕ ਅਤੇ ਆਰਥਿਕ ਜੀਵਨ ਦੀਆਂ ਗੁੰਝਲਦਾਰ ਪਰਤਾਂ ਨੂੰ ਆਪਣੇ ਸ਼ਬਦਾਂ ਰਾਹੀਂ ਪਰੋਇਆ ਹੈ। ਸ਼ਬਦਾਂ ਦਾ ਇਹ ਜਾਦੂਗਰ ਗੀਤਕਾਰੀ ਦਾ ਯੁੱਗ ਬਣ ਸਰੋਤਿਆਂ ਦੇ ਦਿਲਾਂ ਤੇ ਰਾਜ ਕਰਦਾ ਹੋਇਆ ਗੀਤਕਾਰੀ ਦੇ ਖੇਤਰ ਵਿਚ ਅੱਜ ਵੀ ਧਰੂ ਤਾਰੇ ਵਾਂਗ ਚਮਕ ਰਿਹਾ ਹੈ।

1963 ਤੋਂ ਨਿਰੰਤਰ ਕਲਮ ਦਾ ਵਹਾਅ ਕਰਨ ਵਾਲੇ ਸ਼ਬਦਾਂ ਦੇ ਇਸ ਸੌਦਾਗਰ ਦਾ ਜਨਮ 10 ਅਕਤੂਬਰ 1942 ਨੂੰ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਮਰਾੜ੍ਹਾਂ(ਨੇੜੇ ਸਾਦਿਕ)ਵਿਖੇ ਪਿਤਾ ਸ੍ਰ: ਇੰਦਰ ਸਿੰਘ ਮਾਨ ਦੇ ਘਰ ਮਾਤਾ ਸ੍ਰੀਮਤੀ ਆਸ ਕੌਰ ਦੀ ਕੁੱਖੋਂ ਹੋਇਆ। ਬਾਲ ਅਵਸਥਾ ਵਿਚ ਦਾਦੇ ਪੜਦਾਦੇ ਦੇ ਐਸ਼ੋ ਆਰਾਮ ਵਿਚ ਪਲਣ ਵਾਲੇ ਬਾਬੂ ਸਿੰਘ ਮਾਨ ਨੇ ਜੰਡ ਸਾਹਿਬ ਤੋਂ ਮੁੱਢਲੀ ਪੜ੍ਹਾਈ ਕਰਨ ਉਪਰੰਤ ਬਰਜਿੰਦਰਾ ਕਾਲਜ ਫਰੀਦਕੋਟ ਤੋਂ ਉਚੇਰੀ ਸਿੱਖਿਆ ਗ੍ਰਹਿਣ ਕੀਤੀ। ਜਵਾਨੀ ਦੀ ਉਡਾਰੀ ਭਰਦਿਆਂ ਇਸ ਦੇ ਚੰਚਲ ਮਨ ਨੇ ਨੰਦ ਲਾਲ ਨੂਰਪੁਰੀ, ਗੁਰਦੇਵ ਸਿੰਘ ਮਾਨ, ਅੰਮ੍ਰਿਤਾ ਪ੍ਰੀਤਮ, ਪ੍ਰੋ.ਮੋਹਨ ਸਿੰਘ ਤੇ ਧਨੀ ਰਾਮ ਚਾਤ੍ਰਿਕ ਵਰਗਿਆਂ ਵੱਡੇ ਸ਼ਾਇਰਾਂ ਦੀਆਂ ਰਚਨਾਵਾਂ ਤੇ ਗੀਤਾਂ ਨੇ ਜਿਹਾ ਅਸਰ ਕਬੂਲਿਆ ਕਿ ਛੇਵੀਂ ਕਲਾਸ ਚ ਪੜ੍ਹਦਿਆਂ ਇਸ ਦੀਆਂ ਰਚਨਾਵਾਂ ਛਾਪਣ ਲੱਗੀਆਂ ਤੇ ਕਰਤਾਰ ਸਿੰਘ ਬਲੱਗਣ ਦੇ ਮੈਗਜ਼ੀਨ/ਅਖ਼ਬਾਰ ਵਿਚ ਇਸਦਾ ਪਹਿਲਾ ਗੀਤ ਦੁੱਧ ਕਾਹੜ ਕੇ ਜਾਗ ਨਾ ਲਾਵਾਂ ਤੇਰੀਆਂ ਉਡੀਕਾਂ ਹਾਣੀਆਂ ਪ੍ਰਕਾਸ਼ਿਤ ਹੋਇਆ।ਗੀਤਾਂ ਦਾ ਵਣਜਾਰਾ' ਪ੍ਰਕਾਸ਼ਿਤ



ਹੋਈ ।ਗੀਤਾਂ ਦਾ ਵਣਜਾਰਾ ਪ੍ਰਕਾਸ਼ਿਤ ਕਿਤਾਬ ਦਾ ਪਹਿਲਾ ਗੀਤ ਗੁਰਪਾਲ ਸਿੰਘ ਪਾਲ ਨੇ ਗਇਆ। ਉਸ ਤੋਂ ਬਾਅਦ ਉਸ ਦੇ ਗੀਤ ਉਸ ਸਮੇਂ ਦੇ ਪ੍ਰਸਿੱਧ ਗਾਇਕ ਹਰਚਰਨ ਗਰੇਵਾਲ, ਪੰਜਾਬ ਦੀ ਕੋਇਲ ਸੁਰਿੰਦਰ ਕੌਰ, ਗੁਰਚਰਨ ਪੋਹਲੀ, ਮੁਹੰਮਦ ਸਦੀਕ, ਰਣਜੀਤ ਕੌਰ ਸਵੀ: ਦਿਲਸ਼ਾਦ ਅਖ਼ਤਰ ਤੋਂ ਲੈਕੇ ਨਵੀਂ ਪੀੜ੍ਹੀ ਦੇ ਕਲਾਕਾਰ ਜਿਵੇਂ ਕਿ:-ਹੰਸ ਰਾਜ ਹੰਸ, ਸਰਦੂਲ ਸਿਕੰਦਰ ਫਿਰੋਜ਼ ਖਾਨ ਅਤੇ ਹਰਭਜਨ ਮਾਨ ਵਰਗਿਆਂ ਨੇ ਆਵਾਜ਼ ਦਿੱਤੀ।

ਬਾਬੂ ਸਿੰਘ ਮਾਨ ਦੇ ਗੀਤ ਸਿਰਫ਼ ਪੰਜਾਬ ਦੀਆਂ ਫਿਜ਼ਾਵਾਂ ਵਿੱਚ ਹੀ ਨਹੀਂ ਬਲਕਿ ਖੂਹਾਂ ਟੋਭਿਆਂ ਦੀ ਬਾਤ ਪਾਉਂਦੇ ਸੱਥਾਂ ਚ ਉਪਜੈ ਪੇਂਡੂ ਸੱਭਿਅਤਾ ਦੀ ਰੰਗਤ ਚ ਰੰਗੇ ਗੀਤ ਫਿਲਮੀ ਜਗਤ ਦੀਆਂ ਨਾਮਵਰ ਹਸਤੀਆਂ ਮੁਹੰਮਦ ਰਫ਼ੀ, ਲਤਾ ਮੰਗੇਸ਼ਕਰ, ਸੁਖਵਿੰਦਰ ਸਿੰਘ ਆਦਿ ਦੀਆਂ ਸ਼ੁਰਲੀਆਂ ਆਵਾਜ਼ਾਂ ਰਾਹੀਂ ਬੁਲੀਵੁੱਡ ਦੀਆਂ ਹੁਸੀਨ ਵਾਦੀਆਂ ਤੱਕ ਜਾ ਗੂੰਜੇ। ਬਾਬੂ ਸਿੰਘ ਮਾਨ ਬਹੁਤ ਹੀ ਸੰਵੇਦਨਸ਼ੀਲ ਤੇ ਸਹਿਜ ਸੁਭਾਅ ਵਾਲੇ ਹਨ। ਉਨ੍ਹਾਂ ਨੂੰ ਪੰਜਾਬੀ ਸੱਭਿਆਚਾਰ ਦੀ ਡੂੰਘੀ ਤੇ ਗੂੜੀ ਸਮਝ ਹੈ।ਇਸ ਲਈ ਉਹ ਆਪਣੇ ਗੀਤਾਂ ਚੋਂ ਨਵਿਆਂ ਚ ਪੁਰਾਣੇ ਅਤੇ ਪੁਰਾਣਿਆਂ ਚੋਂ ਨਵੇਂ ਵਿਸ਼ੇ ਬਣਾਉਣ ਦੇ ਸਮਰੱਥ ਹਨ। ਵੰਨ ਸਵੰਨਤਾ ਨਾਲ ਭਰਪੂਰ ਬਾਬੂ ਸਿੰਘ ਮਾਨ ਦੇ ਦੋਗ-ਾਣਾ ਗੀਤ ਦਿਉਰ-ਭਰਜਾਈ, ਜੇਠ-ਭਾਬੀ ਛੜੇ ਦੀ ਦਾਸਤਾਨ, ਵੈਲੀ ਦੀ ਤਾਕਤ,ਅਮਲੀ ਦਾ ਦੁਖਾਂਤ ਅਤੇ ਪਤੀ-ਪਤਨੀ ਦੀ ਨੋਕ ਝੋਕ ਦੀ ਮਹੱਤਤਾ ਨੂੰ ਦਰਸਾਉਂਦੇ ਹਨ। ਪੰਜਾਬੀਆਂ ਨੇ ਇਨ੍ਹਾਂ ਨੂੰ ਰੱਜ ਕੇ ਮਾਣਿਆ ਤੇ ਭਰਵਾਂ ਪਿਆਰ ਦਿੱਤਾ। ਬਾਬੂ ਸਿੰਘ ਮਾਨ ਨੇ ਮੁੱਢ ਤੋਂ ਹੀ ਸਮੇਂ ਦੀ ਨਬਜ਼ ਨੂੰ ਪਛਾਣ ਕੇ ਗੀਤ ਨੂੰ ਕਲਮਬੱਧ ਕੀਤਾ। ਜਿਵੇਂ ਜਿਵੇਂ ਸਮੇਂ ਦੇ ਬਦਲਾਅ ਨਾਲ ਕੋਈ ਨਵੀਂ ਤਕਨੀਕ ਉਪਜੀ ਬਾਬੂ ਸਿੰਘ ਮਾਨ ਨੇ ਵੀ ਵਿਸ਼ਾ ਵਸਤੂ ਬਣਾ ਕੇ ਆਪਣੇ ਗੀਤ ਵਿਚ ਪੇਸ਼ ਕੀਤਾ ਜਿਵੇਂ ਕਿ:-ਭੋ ਵੇਚ ਕੇ ਟਰੱਕ ਲੈ ਆਂਦਾ ਬਾਬੇ ਦੀ ਫੁੱਲ ਕਿਰਪਾ, ਖਰਬੂਜੇ ਵਰਗੀ ਜੱਟੀ ਖਾ ਲੀ ਵੇ ਕਾਲੇ ਨਾਗ ਨੇ ,ਤੇਲੂ ਰਾਮ ਦੀ ਹੱਟੀ ਦਾ ਜ਼ਰਦਾ, ਟੈਲੀਵਿਜ਼ਨ ਲੈ ਵੇ ਤਸਵੀਰਾਂ ਬੋਲਦੀਆਂ, ਜਾ ਫਿਰ ਤੁਸੀਂ ਚਿੱਠੀਆਂ ਪਾਉਣੀਆਂ ਭੁੱਲਗੇ, ਜਦੋਂ ਦਾ ਟੈਲੀਫੋਨ ਲੱਗਿਆ ਵਰਗੇ ਅਨੇਕਾਂ ਹੀ ਹੋਰ ਗੀਤ। ਸੈਂਕੜੇ/ ਹਜ਼ਾਰਾਂ ਗੀਤਾਂ ਦੀ ਸਿਰਜਣਾ ਕਰਨ ਵਾਲੇ ਬਾਬੂ ਸਿੰਘ ਮਾਨ ਦੇ ਗੀਤਾਂ ਨੂੰ ਗਾ ਕੇ ਜਿੱਥੇ ਗਾਇਕਾਂ/ਗਾਇਕਾਵਾਂ ਨੇ ਲੋਕਪ੍ਰਿਯ ਹਾਸਿਲ ਕੀਤੀ ਉੱਥੇ ਹੀ ਉੱਚ ਕੋਟੀ ਦੇ ਸੰਗੀਤਕਾਰਾਂ ਨੇ ਇਨ੍ਹਾਂ ਦੇ ਗੀਤਾਂ ਨੂੰ ਸੰਗੀਤਕ ਛੋਹਾਂ ਚੋਂ ਸ਼ਿੰਗਾਰਨ ਦਾ ਮਾਣ ਮਹਿਸੂਸ ਕੀਤਾ।

ਆਪਣੇ ਗੀਤਾਂ ਰਾਹੀਂ ਪੇਂਡੂ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਵਾਲੇ ਬਾਬੂ ਸਿੰਘ ਮਾਨ ਨੇ ਆਪਣੀ ਦੁਆਰਾ ਸਿਆਸੀ ਰੰਗ ਵੀ ਨਿਹਾਰਿਆ ਕਹਿਣ ਤੋਂ ਭਾਵ ਕਿ ਸਿਆਸੀ ਗੱਲ ਵੀ ਕੀਤੀ।ਜਿਸ ਨੂੰ ਜਨਾਬ ਮੁਹੰਮਦ ਸਦੀਕ ਸਾਬ ਨੇ ਸਾਦਿਕ ਦੀ ਸਟੇਜ ਤੇ ਸਾਲ 1977 ਵਿਚ ਬਾਖ਼ੂਬੀ ਨਾਲ ਪੇਸ਼ ਕੀਤਾ। ਗੀਤ ਦੇ ਬੋਲ ਸਨ:- ਬਾਦਲ ਟੌਹੜਾ ਤੇ ਤਲਵੰਡੀ ਫਿਰਦੇ ਸਿੱਖ ਪੰਥ ਨੂੰ ਵੰਡੀ।ਉੱਚਾ ਲੰਮਾ ਛਟਵੇ ਸਰੀਰ ਦੀ ਬਣਤਰ ਚ ਪਰੋਇਆ ਸਿਰੜੀ ਸੋਚ ਤੇ ਦ੍ਰਿੜ ਇਰਾਦੇ ਵਾਲੇ ਬਾਬੂ ਸਿੰਘ ਮਾਨ ਸਿਰਫ ਗੀਤਾਂ ਦਾ ਵਣਜਾਰਾ ਹੀ ਨਹੀਂ ਬਲਕਿ ਉਹ 25 ਸਾਲ ਸਰਵ ਸੰਮਤੀ ਨਾਲ ਆਪਣੀ ਨਗਰ ਪੰਚਾਇਤ ਦਾ ਮੋਢੀ ਭਾਵ ਕਿ ਸਰਪੰਚ ਹੋਣ ਦੇ ਨਾਲ ਨਾਲ ਕੁਝ ਸਮਾਂ ਬਲਾਕ ਸੰਮਤੀ ਦਾ ਚੇਅਰਮੈਨ ਵੀ ਰਿਹਾ। ਬਾਬੂ ਸਿੰਘ ਮਾਨ ਨੇ ਮਨੁੱਖੀ ਨਬਜ਼ ਨੂੰ ਪਛਾਣ ਕੇ ਆਪਣੇ ਗੀਤਾਂ ਵਿਚ ਜਨਜੀਵਨ ਦੇ ਹਰ ਪੱਖ ਨੂੰ ਪੇਸ਼ ਕੀਤਾ। ਪੇਂਡੂ ਸਮਾਜ ਦੀਆਂ ਤਲਖ਼ ਹਕੀਕਤਾਂ ਨਾਲ ਭਰਪੂਰ ਬਾਬੂ ਸਿੰਘ ਮਾਨ ਦੇ ਗੀਤ ਸ਼ਹਿਰੀ ਵਰਗੀਕਰਨ ਲਈ ਫਾਹਸ਼ ਹੋ ਸਕਦੇ ਹਨ ਜਦੋਂਕਿ ਪੇਂਡੂ ਜਨਜੀਵਾਂ ਲਈ ਇਹ ਧੁਰ ਅੰਦਰ ਦੀ ਆਵਾਜ਼ ਹੈ। ਕੋਰੇ ਕਾਗਜ਼ ਦੀ ਹਿੱਕ ਤੇ ਕਲੀਆਂ, ਕਿੱਸੇ, ਲੋਕ ਗਾਥਾਵਾਂ ਅਤੇ ਸੱਭਿਆਚਾਰ ਵੰਨਗੀ ਨੂੰ ਪੇਸ਼ ਕਰਨ ਵਾਲੇ ਦੋਗਾਣਾ ਗੀਤਾਂ ਨੂੰ ਉੱਕਰਣ ਵਾਲਾ ਗੀਤਾਂ ਦਾ ਇਹ ਵਣਜਾਰਾ ਉਮਰ ਦੇ 83ਵੇਂ ਵਰ੍ਹਿਆਂ ਨੂੰ ਮਾਣਦਾ ਹੋਇਆ ਅੱਜ ਵੀ ਗੀਤਕਾਰੀ ਦੇ ਖੇਤਰ ਵਿਚ ਸਰਗਰਮ ਹੈ। ਗੀਤਕਾਰੀ ਦੇ ਜ਼ਰੀਏ ਆਪਣੇ ਪਿੰਡ ਦੇ ਨਾਂ ਨੂੰ ਬ੍ਰਾਂਡ ਬਣਾਉਣ ਵਾਲਾ ਬਾਬੂ ਸਿੰਘ ਮਾਨ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਮਰਾੜ੍ਹਾਂ ਦੀਆਂ ਸੱਥਾਂ ਚੋਂ ਉਪਜੀਆਂ ਗੱਲਾਂ ਨੂੰ ਗੀਤਾਂ ਦਾ ਰੂਪ ਦੇ ਕੇ ਦੇਸ਼ ਵਿਦੇਸ਼ ਦੀ ਸੈਰ ਕਰਵਾ ਆਪਣੀ ਉਮਰ ਦੇ ਵੱਧਦੇ ਪੜਾਅ ਨਾਲ ਅਨੇਕਾਂ ਹੀ ਸੰਸਥਾਵਾਂ ਕੋਲੋਂ ਮਾਨ ਸਨਮਾਨ ਪ੍ਰਾਪਤ ਕਰ ਚੁੱਕਾ ਹੈ। ਪੰਜਾਬੀ ਸੰਗੀਤ ਦੇ ਵਿੱਚ ਆਪਣੇ ਸ਼ਬਦਾਂ ਦਾ ਵਡਮੁੱਲਾ ਯੋਗਦਾਨ ਪਾਉਣ ਵਾਲਾ ਗੀਤਕਾਰੀ ਦਾ ਇਹ ਇਨਸਕੋਲੋਪੀਡੀਆ ਆਪਣੇ ਜੀਵਨ ਦਾ ਵਿਸ਼ਾਲ ਅਨੁਭਵ ਰੱਖਦਾ ਹੋਇਆ ਅੱਜ ਫਰੀਦਕੋਟ ਜ਼ਿਲ੍ਹੇ ਦੇ ਛੋਟੇ ਪਿੰਡ ਮਰਾੜ੍ਹਾਂ ਤੋਂ ਉੱਠ ਕੇ ਭਾਰਤ ਦੇ ਵੱਡੇ ਮਹਾਂਨਗਰ ਮੁੰਬਈ ਤੱਕ ਸਬੰਧ ਰੱਖਦਾ ਹੈ। ਪ੍ਰਮਾਤਮਾ ਕਰੇ ਪੰਜਾਬ ਦੀਆਂ ਕਹਾਣੀਆਂ ਹੀਰ ਰਾਂਝਾ, ਮਿਰਜ਼ਾ ਸਾਹਿਬਾ, ਸੋਹਣੀ ਮਹੀਂਵਾਲ ਅਤੇ ਪੰਜਾਬੀ ਲੋਕ ਗਥਾਵਾਂ ਦੇ ਹੀਰੋ ਅਤੇ ਪੂਰਨ ਭਗਤ ਅਤੇ ਸੁੱਚਾ ਸਿੰਘ ਸੂਰਮਾ ਵਰਗਿਆਂ ਦੇ ਇਤਿਹਾਸਿਕ ਕਿੱਸੇ, ਫ਼ਿਲਮੀ ਅਤੇ ਸੱਭਿਆਚਾਰਕ ਦੋਗਾਣੇ ਗੀਤਾਂ ਦੀ ਸਿਰਜਣਾ ਕਰਨ ਵਾਲਾ ਸ਼ਬਦਾਂ ਦਾ ਇਹ ਰਚੇਤਾ ਇਸੇ ਤਰ੍ਹਾਂ ਆਪਣੇ ਲੋਕ ਗੀਤਾਂ ਦੀ ਤਰ੍ਹਾਂ ਲੰਮੇਰੀਆਂ ਉਮਰਾਂ ਮਾਣਦਾ ਰੁਵੇ।

**ਸਰੂਪ ਸਿੰਘ, ਚੌਧਰੀ ਮਾਜਰਾ**
**(ਨਾਭਾ)**
**99886-27880**

# ਕਹਾਣੀ: ਭੁੱਖ ਦੇ ਮਸਲੇ



ਚਿੰਕੀ ਨੇ ਦੂਜੇ ਦਿਨ ਵੀ ਕੁਝ ਨਾ ਖਾਧਾ ਪੀਤਾ, ਨਾ ਆਪਣੇ ਕਮਰੇ ਦਾ ਬੂਹਾ ਖੋਲ੍ਹਿਆ!.. ਏਥੋਂ ਤੱਕ ਕਿ ਦੋ ਦਿਨ ਪਹਿਲਾਂ ਚਾਰਜਿੰਗ ਉੱਤੇ ਲਾਇਆ ਮੁਬਾਇਲ ਫੋਨ ਵੀ ਮੁੜ ਕੇ ਨਹੀਂ ਦੇਖਿਆ ਸੀ.

ਮਥਰੋ ਪਰੇਸ਼ਾਨ ਹੋ ਰਹੀ ਸੀ, ਹੁੰਦੀ ਵੀ ਕਿਉਂ ਨਾ? ਚਿੰਕੀ ਦੀ ਮਾਂ ਸੀ ਓਹ, ਓਹਦੇ ਢਿੱਡ ਦੀ ਜਨੀ ਦੁਖੀ ਹੋਵੇ ਤਾਂ ਓਹਨੂੰ ਕਰਾਰ ਕਿਧਰੋਂ ਆ ਜਾਂਦਾ?

**ਕਾਂਡ -2**

ਕੁਲਭੂਸ਼ਣ ਸਵਾਮੀ ਹੁਰੀਂ ਜਜਮਾਨਾਂ ਦੇ ਕਹੇ ਉੱਤੇ ਦੇਬ-ਭੂਮੀ ਜਾ ਕੇ ਕਿਰਿਆ ਕਾਂਡ ਕਰਵਾ ਕੇ, ਸ਼ਾਮ ਵੇਲੇ ਮੁੜੇ ਸਨ. ਮਥਰੋ ਨੇ ਸੁੱਖ -ਸਾਂਦ ਪੁੱਛੀ, ਸਫ਼ਰ ਬਾਰੇ ਪੁੱਛਿਆ ਤੇ ਫੇਰ ਰੋਟੀ -ਟੁੱਕ ਵੱਲ ਹੋ ਗਈ.

**ਕਾਂਡ -3**

ਕੀ ਗੱਲ ਚਿੰਕੀ ਧੀ ਹਾਲੇ ਵੀ ਨਰਾਜ਼ ਏ? ਕੁਲਭੂਸ਼ਨ ਹੁਰਾਂ ਦੀ ਗੱਲ ਵਿਚ ਬਾਪ ਵਾਲੀ ਫਿਕ਼ਰ ਝਲਕ ਰਹੀ ਸੀ. ਚੰਗਾ, ਜੇ ਅਗਾਂਹ ਹੋਰ ਨਹੀਂ ਪੜ੍ਹਨਾ ਤੇ ਅਪਣਾ ਘਰ ਵਸਾਉਣਾ ਏ ਤਾਂ ਏਸ ਫੈਸਲੇ ਵਿਚ ਕੋਈ ਭੈੜ ਨਹੀਂ. ਭਾਗ ਵਾਨੇ ਧੀ ਚਿੰਕੀ ਨੂੰ ਆਖ ਕਿ ਮੁੰਡੇ ਵਾਲਿਆਂ ਨੂੰ ਸੁਣੇ-ਹਾ ਭੇਜ ਦੇ, ਮੈਂ ਮਿਲਣ ਲਈ ਤਿਆਰ ਹਾਂ.

**ਕਾਂਡ-4**

ਮਥਰੋ ਇਹੋ ਕੁਝ ਸੁਣਨ ਲਈ ਬੀਹਬਲ ਹੁੰਦੀ ਜਾਂਦੀ ਸੀ. ਮਾਂ ਦੀਆਂ ਆਂਦਰਾਂ ਜੁ ਹੋਈਆਂ. ਓਸ ਨੇ ਧੀ ਦੇ ਕਮਰੇ ਦਾ ਬੂਹਾ ਉਤਸ਼ਾਹ ਨਾਲ ਭੰਨ ਸੁੱਟਿਆ, ਕੁੰਡਾ ਆਪਣੀ ਅਰਲ ਵਿੱਚੋਂ ਨਿਕਲ ਕੇ ਖੁਦ ਹੀ ਖੁੱਲ੍ਹ ਗਿਆ. ਚਿੰਕੀ, ਅੰਦਰ ਸੁੱਤੀ ਪਈ ਸੀ, ਅਚੇਤ ਹੀ ਓਹਨੂੰ ਮਾਂ ਨੇ ਉਠਾਇਆ. ਤੇ ਸਾਰੀ ਗੱਲ-ਕੱਥ ਦੱਸੀ, ਚਿੰਕੀ ਨੂੰ ਬੜਾ ਧਰਵਾਸ ਮਿਲਿਆ. ਓਸ, ਦੋ ਦਿਨਾਂ ਪਿੱਛੋਂ ਰੋਟੀ ਵੀ ਖਾਧੀ, ਟੀ. ਵੀ. ਦੇਖਿਆ ਤੇ ਪਹਿਲੀ ਰੁਟੀਨ ਮੁਤਾਬਕ ਮੁਬਾਇਲ ਉੱਤੇ ਇੰਟਰਨੈੱਟ ਵੀ ਖਪਤ ਕੀਤਾ. ਆਪਣੇ ਪ੍ਰੇਮੀ ਗਿਆਨਵੀਰ ਨੂੰ ਵੀਡੀਓ ਕਾਲ ਕੀਤੀ,..ਤੇ ਪਿਓ ਦਾ ਫ਼ੈਸਲਾ ਸੁਣਾਇਆ ਕਿ ਓਹ ਪੂਰੀ ਜ਼ਹਿਨੀ ਤਿਆਰੀ ਕਰ ਕੇ ਆਏ, ਹੋਣ ਵਾਲੇ ਸਹੁਰੇ ਨੇ "ਇੰਟਰਵਿਊ" ਲਈ ਸੱਦਿਆ ਏ. ਪਿਆਰੇ ਦਾ ਸੁਣੇਹਾ, ਗਿਆਨਵੀਰ ਨੂੰ ਅੰਬਰਾਂ ਵਿਚ ਉਡਾ ਰਿਹਾ ਸੀ. ਦੋਵਾਂ ਨੇ ਆਪੋ-ਆਪਣੇ ਘਰ ਦੀਆਂ ਛੱਤਾਂ ਉੱਤੇ ਚੜ੍ਹ ਕੇ, ਪੂਰੇ 43 ਮਿੰਟਾਂ ਤਾਈਂ ਫੋਨ ਉੱਤੇ ਗੱਲਾਂ ਮਾਰੀਆਂ, ਵਰਚੁਅਲ ਇਸ਼ਕ਼ ਕੀਤਾ ਤੇ ਤਿੰਨ ਦਿਨਾਂ ਬਾਅਦ ਆਉਣ ਵਾਲੇ ਐਤਵਾਰ ਦੀ ਉਡੀਕ ਵਿਚ ਗੁਆਚ ਗਏ. ਓਧਰੋਂ, ਪੱਛਮੀ ਗੜਬੜੀ ਕਾਰਨ ਮੌਸਮ ਖੁਸ਼ਨੁਮਾ ਹੋ ਗਿਆ. ਗਿਆਨਵੀਰ ਤੇ ਚਿੰਕੀ ਰੁਮਾਨੀ ਏਹਸਾਸ ਨੂੰ ਮਨੋ-ਮਨੀ ਵਧਾਉਂਦੇ ਜਾ ਰਹੇ ਸਨ. ਪਲਾਂ ਦੇ ਫ਼ਰਕ਼ ਨਾਲ ਦੋਵੇਂ ਨੀਂਦ ਦੀ ਵਾਦੀ ਵਿਚ ਚਲੇ ਗਏ. ਦੂਜੇ ਦਿਨ ਜਾਗੇ ਤਾਂ ਸਰੀਰਾਂ ਵਿਚ ਜਵਾਨ ਰੌਅ ਪਹਿਲਾਂ ਨਾਲੋਂ ਵੱਧ ਜਾਪ ਰਿਹਾ ਸੀ.

**ਕਾਂਡ-5**

ਆਖ਼ਰਕਾਰ ਐਤਵਾਰ ਆ ਈ ਗਿਆ. ਗਿਆਨਵੀਰ ਤੇ ਓਹਦਾ ਤਾਇਆ ਹਰਬੰਸ ਬਣਸਾ ਦੋਵੇਂ ਪਿਆਰੋ ਦੇ ਘਰ ਦੀ ਬੈਠਕ ਵਿਚ ਬੈਠੇ ਸਨ. ਕੁਲਭੂਸ਼ਨ ਹੁਰਾਂ ਪੁੱਛਿਆ, "ਕਾਕਾ ਕੀ ਕੰਮ ਕਾਰ ਕੀ ਕਰਦੇ ਓ? ਮੇਰੀ ਧੀ ਨੂੰ ਕੁਝ ਖੁਆ ਸਕੋਂਗੇ"?

ਗਿਆਨ ਵੀਰ ਨੇ ਬੜੀ ਆਜਜ਼ੀ ਨਾਲ ਕਿਹਾ, "ਬਾਊ ਜੀ, ਜੇਲ੍ਹ ਦਾ ਮੁਲਾਜ਼ਮ ਆਂ, ਕੈਦੀਆਂ ਦੀ ਰੋਟੀ ਤਿਆਰ ਕਰਵਾਉਂਦਾ ਹਾਂ...."

ਕੁਲਭੁਸ਼ਨ ਨੇ ਧੀ ਦੇ ਪਿਓ ਵਾਂਗਰਾ ਰੋਅਬ ਨਾਲ ਪੁੱਛਿਆ, "... ਕੁਝ ਹੋਰ ਵੀ ਹੱਥ ਮਾਰ ਲੈਂਦਾ ਐ, ਕਿ ਨਹੀਂ? ਮੇਰਾ ਮਤਲਬ ਏ, ਉੱਪਰਲੀ ਕਮਾਈ..?"

ਇਹ ਗੱਲ ਆਖ ਕੇ, ਕੁਲਭੂਸ਼ਨ ਨੇ ਜਿਵੇਂ, ਤੀਰ ਨਿਸ਼ਾਨੇ ਉੱਤੇ ਮਾਰਿਆ ਸੀ!!

ਗਿਆਨਵੀਰ ਨੇ ਕਿਹਾ, ਹਾਂਜੀ, ਮਾੜਾ ਮੋਟਾ ਹੱਥ ਪੈ ਜਾਂਦਾ ਏ! ਓਹ ਹੱਥ ਦੀਆਂ ਲਕੀਰਾਂ ਪੜ੍ਹਨ ਵਾਲੇ, ਤਾਂਤਰਿਕ ਤੇ ਪਤਰੀ ਵਾਚਣ ਵਾਲੇ ਜਿਉਂਦੇ ਵੱਸਦੇ ਰਹਿਣ. ਓਹਨਾਂ ਨੇ ਸਦੀਆਂ ਤੋਂ ਸਮਾਜ ਵਿਚ ਵਹਿਮ ਫੈਲਾਇਆ ਏ ਕਿ, ਜੇ ਤੁਸੀਂ ਗਰੀਬਾਂ ਦਾ ਹੱਕ਼ ਮਾਰਦੇ ਓ, ਅਪਰਾਧ ਕਰਦੇ ਓ ਤਾਂ ਜੇਲ੍ਹ ਜਾਣੋ ਬਚਣ ਲਈ "ਜੇਲ੍ਹ ਦੀ ਰੋਟੀ" ਬਾਹਰੋਂ ਬਾਹਰ ਖਾ ਲਓ. ਦੇਖੋ ਜੀ, ਮੈਂ ਤੇ ਜਿੰਨੀ ਰੋਟੀ ਤਿਆਰ ਕਰਾ ਕੇ, ਜੇਲ੍ਹ ਦੇ ਅੰਦਰ ਕੈਦੀਆਂ ਲਈ ਭੇਜਦਾ ਆਂ, ਓਨੀ ਰੋਟੀ ਮੈਂ ਜਾਹਲ ਤੇ ਅੰਧ-ਵਿਸ਼ਵਾਸ਼ੀ ਅਮੀਰਾਂ ਨੂੰ ਵੀ ਵੇਚਦਾ ਹਾਂ. ਬਾਪੂ ਜੀ, ਇਹੋ ਮੇਰੀ ਉੱਪਰਲੀ ਕਮਾਈ ਏ..!"

ਇਹ ਗੱਲ ਸੁਣਦੇ ਈ ਚਿੰਕੀ ਦਾ ਪਿਓ ਖੁਸ਼ੀ ਨਾਲ ਉਛਲ ਪਿਆ...

**ਕਾਂਡ-6**

ਕੁਲਭੂਸ਼ਣ ਹੁਰਾਂ ਦੂਜੇ ਈ ਦਿਨ ਪਤਨੀ ਮਥਰੋ ਨੂੰ ਕੋਲ ਬੁਲਾਇਆ ਤੇ ਮੁੰਡਾ ਪਸੰਦ ਆਉਣ ਬਾਰੇ ਹਾਮੀ ਭਰ ਦਿੱਤੀ.

ਮਥਰੋ ਨੇ ਜਗਿਆਸਾ ਨਾਲ ਪੁੱਛਿਆ, ਕੀ ਗੱਲ ਬੜੀ ਛੇਤੀ ਮੰਨ ਗਏ ਓ! ਧੀ ਦੀ "ਪਸੰਦ" ਉੱਤੇ ਬੜਾ ਭਰੋਸਾ ਏ! ਕੁਲਭੂਸ਼ਣ ਨੇ ਬੜੇ ਸਵੈ-ਭਰੋਸੇ ਨਾਲ ਕਿਹਾ, "ਭਾਗ ਵਾਨੇ, ਮੁੰਡਾ ਸਾਡੀ ਈ ਬੇੜੀ ਦਾ ਸਵਾਰ ਈ, ਅਸੀਂ ਵੀ ਤਾਂ ਜਜਮਾਨਾਂ ਨੂੰ ਗੈਬੀ ਸੌਦਾ ਵੇਚ ਕੇ ਈ ਰੁਜ਼ਗਾਰ ਕਮਾਇਆ ਏ, ਇਹ ਮੁੰਡਾ ਗਿਆਨਵੀਰ ਵੀ ਸਾਡੀ ਬੇੜੀ ਦਾ ਸਵਾਰ ਏ. ਦਰਅਸਲ, ਮੇਰੇ ਬਜ਼ੁਰਗਾਂ ਤੇ ਖੁਦ ਮੈਂ ਵੀ ਜਜਮਾਨਾਂ ਨੂੰ ਇਹ ਕਹਿੰਦਾ ਰਿਹਾ ਕਿ ਜਿਥੋਂ ਜੇਲ੍ਹ ਦੀ ਰੋਟੀ ਮਿਲੇ, ਖਾ ਲਿਆ ਕਰੋ, ਇਵੇਂ ਅਪਰਾਧ ਕੀਤਾ ਹੋਣ ਉੱਤੇ ਵੀ ਕੈਦ ਨਹੀਂ ਬੋਲਦੀ..! ਭਾਵੇਂ ਕੁਸ਼ ਕੀਤਾ ਹੋਵੇ ਪਰ ਏਸ ਵਹਿਮ ਤਹਿਤ ਏਨਾ ਕਾਰੋਬਾਰ ਚੱਲਦਾ ਹੋਵੇਗਾ, ਇਹ ਨਹੀਂ ਸੀ ਪਤਾ. ਚੱਲ ਸਾਡੀ ਚਿੰਕੀ ਨੂੰ ਵੀ ਇਹ ਖ਼ਬਰ ਆਖ ਸੁਣਾ. ਓਹਨੂੰ ਵੀ ਪੱਕਾ ਚੈਨ ਪਵੇ. ਮਥਰੋ, ਇਹ ਸਭ ਸੁਣ ਕੇ ਧੀ ਦੇ ਸੁਖਾਲੇ ਭਵਿੱਖ ਦੇ ਸੁਪਨਿਆਂ ਵਿਚ ਗੁਆਚਦੀ ਜਾ ਰਹੀ ਸੀ..!



**ਦੀਦਾਵਰ ਲੋਕਾਈਨਾਮਾ**
**ਸੰਪਰਕ : ਸਰੂਪ ਨਗਰ ਰਾਓਵਾਲੀ, ਦੋਆਬਾ.**

# ਪਿਤਾ ਦੀ ਸਿਰਤਾਜ ਧੀ

ਪਿਤਾ ਦਾ ਪਿਆਰ ਅਦਿੱਖ ਹੋ ਸਕਦਾ ਪਰ ਕਮਜ਼ੋਰ ਨਹੀਂ। ਜਿੰਦਗੀ ਦੇ ਰਸਤੇ ਬੜੇ ਹੀ ਤਕਲੀਫ ਦੇਣ ਵਾਲੇ ਤੇ ਕੰਡਿਆਂ ਵਾਂਗ ਚੁੱਭਣ ਵਾਲੇ ਹੁੰਦੇ ਨੇ, ਉਹਨਾਂ ਰਸਤਿਆਂ ਨੂੰ ਸੌਖਾ ਤੇ ਸੁੰਦਰ ਬਣਾਉਂਦਾ ਹੈ ਇਕ ਪਿਤਾ। ਖ਼ਾਸ ਕਰਕੇ ਆਪਣੀ ਧੀ ਲਈ ਇਕ ਪਿਤਾ ਪੂਰੀ ਦੁਨੀਆ ਦੀ ਪ੍ਰਵਾਹ ਛੱਡ ਕੇ ਉਸਨੂੰ ਆਜ਼ਾਦੀ ਦਿੰਦਾ ਹੈ। ਪਰ ਉਹ ਇਹ ਵੀ ਜਾਣਦਾ ਹੈ ਕਿ ਇਹ ਦੁਨੀਆਂ ਕਿਸੇ ਇਨਸਾਨ ਨੂੰ ਅੱਗੇ ਆਉਂਦਿਆਂ ਹੋਇਆਂ ਵੇਖ ਹੀ ਨਹੀਂ ਸਕਦੀ , ਖ਼ਾਸ ਕਰਕੇ ਇੱਕ ਕੁੜੀ ਨੂੰ ਤਾਂ ਬਿਲਕੁਲ ਵੀ ਨਹੀਂ। ਪਿਤਾ ਦੇ ਮਨ ਵਿੱਚ ਇਕ ਪਾਸੇ ਹੌਂਸਲਾ ਤੇ ਮਾਣ ਹੁੰਦਾ ਹੈ ਤੇ ਦੂਜੇ ਪਾਸੇ ਡਰ ਦੁਨੀਆਂ ਦਾ। ਇੱਕ ਪਿਤਾ ਆਪਣੀ ਧੀ ਨੂੰ ਦੁਨੀਆਂ ਦੀ ਗੰਦੀ ਨਜ਼ਰ ਤੋਂ ਬਚਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਇੱਕ ਧੀ ਪਿਤਾ ਦੁਆਰਾ ਕਹੀਆਂ ਗੱਲਾਂ ਨੂੰ ਆਪਣੀ ਆਜ਼ਾਦੀ ਦੇ ਵਿਰੁੱਧ ਸਮਝਦੀ ਹੈ। ਸਮਾਂ ਲੱਗਦਾ ਹੈ ਇਕ ਧੀ ਨੂੰ ਇਹ ਸਮਝਣ ਲੱਗਿਆਂ ਕਿ ਇਹ ਪਿਤਾ ਦੀ ਪਾਬੰਦੀ ਨਹੀਂ, ਪਿਆਰ ਹੁੰਦਾ ਹੈ। ਉਹ ਕਦੇ ਵੀ ਉਸਦੀ ਆਜ਼ਾਦੀ ਨੂੰ ਰੋਕਣਾ ਨਹੀਂ ਚਾਹੁੰਦਾ, ਸਗੋਂ ਦੁਨੀਆਂ ਤੋਂ ਉਸਦੀ ਰੱਖਿਆ ਕਰਦਾ ਹੈ। ਉਹ ਡਰਦੀ ਹੋਈ ਆਪਣੇ ਪਿਤਾ ਨੂੰ ਪੁੱਛਦੀ ਹੈ - "ਕਿਉਂ ਮੇਰੀ ਆਜ਼ਾਦੀ ਮੈਨੂੰ ਹੀ ਨਹੀਂ ਮਿਲੀ? ਕਿਉਂ ਮੇਰੇ ਹਾਸਿਆਂ ਤੇ ਮੇਰੇ ਸਵਾਲਾਂ 'ਤੇ ਵੀ ਪਾਬੰਦੀਆਂ ਨੇ? ਕਿਉਂ ਮੇਰਾ ਕਿਸੇ ਨਾਲ ਗੱਲ ਕਰਨਾ ਵੀ ਗੁਨਾਹ ਬਣ ਗਿਆ?"

ਫਿਰ ਪਿਤਾ ਆਪਣੀ ਚੁੱਪੀ ਨੂੰ ਤੋੜਦਾ ਹੈ ਤੇ ਕਹਿੰਦਾ ਹੈ- "ਧੀਏ, ਤੇਰੀ ਆਜ਼ਾਦੀ ਦੇ ਹੱਕ ਵਿੱਚ ਮੈਂ ਕਦੇ ਵੀ ਕੋਈ ਘਾਟ ਨਹੀਂ ਆਉਣ ਦਿੱਤੀ। ਪਰ ਹਕੀਕਤ ਇਹ ਵੀ ਹੈ ਕਿ ਇਹ ਦੁਨੀਆਂ ਤੇਰੇ ਖ਼ੁਆਬਾਂ ਵਰਗੀ ਨਹੀਂ। ਮੈਂ ਤੈਨੂੰ ਕਿਸੇ ਨਾਲ ਗੱਲ ਕਰਨ ਤੋਂ ਰੋਕਿਆ ਕਿਉਂਕਿ ਇਹ ਦੁਨੀਆਂ ਉਦਾਂ ਦੀ ਨਹੀਂ ਜਿਦਾਂ ਤੂੰ ਆਪਣੇ ਖ਼ੁਆਬਾਂ ਵਿੱਚ ਸੋਚਦੀ ਹੈ। ਇਹ ਦੁਨੀਆਂ ਤੈਨੂੰ ਨੁਕਸਾਨ ਵੀ ਪਹੁੰਚਾ ਸਕਦੀ ਹੈ ਤੇ ਤੇਰੇ ਨਾਲ ਕੁੱਝ ਗ਼ਲਤ ਵੀ ਕਰ ਸਕਦੀ ਹੈ। ਇਸ ਲਈ ਮੇਰਾ ਫਰਜ਼ ਬਣਦਾ ਹੈ ਮੈਂ ਆਪਣੀ ਧੀ ਨੂੰ ਸਹੀ ਰਸਤਾ ਦਿਖਾਵਾਂ। ਧੀਏ, ਤੂੰ ਮੇਰੇ ਸਿਰ ਦਾ ਤਾਜ ਏ, ਮੇਰਾ ਮਾਣ, ਹੌਂਸਲਾ ਤੇ ਭਰੋਸਾ ਸਭ ਤੂੰ ਹੀ ਤਾਂ ਹੈ।" ਧੀ ਦੀਆਂ ਅੱਖਾਂ ਵਿੱਚ ਹੰਜੂ ਪਰ ਮਨ ਵਿੱਚ ਰੌਸ਼ਨੀ ਜਗ ਪਈ ਸੀ। ਉਹ ਸਮਝਣ ਲੱਗ ਪਈ ਸੀ ਕਿ ਜਿਸ ਗੱਲਾਂ ਨੂੰ ਉਹ ਆਪਣੀ ਆਜ਼ਾਦੀ ਪ੍ਰਤੀ ਰੋਕ ਸਮਝਦੀ ਸੀ,ਉਹ ਇੱਕ ਪਿਤਾ ਵੱਲੋਂ ਇੱਕ ਧੀ ਦੀ ਰਾਖੀ ਸੀ। ਉਹ ਆਪਣੇ ਆਪ ਨਾਲ ਇਹ ਵਾਇਦਾ ਕਰਦੀ ਹੈ ਕਿ "ਉਹ ਆਪਣੇ ਪਿਤਾ ਦਾ ਹੌਸਲਾ, ਵਿਸ਼ਵਾਸ, ਭਰੋਸਾ ਤੇ ਮਾਣ ਕਦੇ ਟੁੱਟਣ ਨਹੀਂ ਦੇਵੇਗੀ।"

"ਪਿਤਾ ਦੀ ਚੁੱਪ ਪਿਆਰ ਦੀ ਉਚਾਈ ਹੁੰਦੀ ਹੈ। ਜੋ ਸਿਰਫ਼ ਇੱਕ ਧੀ ਦੀ ਧੜਕਣ ਹੀ ਸਮਝ ਸਕਦੀ ਹੈ।"

**Author - Mahek jot**
**Course - B.A.B.ED**
**(4 Years Course)**
**College Name - Naitonal College Bihkih**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

## ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

## ਸਾਨੂੰ ਐਕਸ ਤੇ ਫੌਲੋ ਕਰੋ

@samajweekly

## ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

## ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# +44 7878 456484

email:-Samajweekly@gmail.com